ਅਧਿਆਇ 1

ਵਸ਼ਤੀ ਦਾ ਰਾਣੀ ਦੇ ਅਹੁਦੇ ਤੋਂ ਲਾਹਿਆ ਜਾਣਾ

ਅਸਤਰ ਦਾ ਪਹਿਲਾ ਅਧਿਆਇ ਅੱਗੇ ਹੋਣ ਵਾਲੀਆਂ ਸਾਰੀਆਂ ਘਟਨਾਵਾਂ ਲਈ ਮੰਚ ਤਿਆਰ ਕਰਦਾ ਹੈ। ਫ਼ਾਰਸ ਦੇ ਬਾਦਸ਼ਾਹ ਨੇ ਆਪਣੇ ਵੱਡੀ ਸਲਤਨਤ ਵਿੱਚੋਂ ਸਭ ਥਾਂਵਾਂ ਦੇ ਸਰਦਾਰਾਂ ਲਈ ਇਕ ਵੱਡੀ ਦਾਅਵਤ ਦਿੱਤੀ। ਫਿਰ ਉਸ ਨੇ ਸ਼ੂਸ਼ਨ ਦੇ ਕਿਲ੍ਹੇ ਵਿਚ ਰਹਿਣ ਵਾਲਿਆਂ ਲਈ ਇਕ ਹੋਰ ਦਾਅਵਤ ਦੀ ਮੇਜ਼ਬਾਨੀ ਕੀਤੀ। ਉਸ ਨੇ ਰਾਣੀ ਵਸ਼ਤੀ ਨੂੰ ਇਨ੍ਹਾਂ ਲੋਕਾਂ ਦੇ ਸਾਹਮਣੇ ਪੇਸ਼ ਹੋ ਕੇ ਆਪਣੀ ਖ਼ੂਬਸੂਰਤੀ ਦਾ ਪ੍ਰਦਰਸ਼ਣ ਕਰਨ ਦਾ ਹੁਕਮ ਦਿੱਤਾ। ਉਸ ਨੇ ਆਉਣ ਤੋਂ ਇਨਕਾਰ ਕਰ ਦਿੱਤਾ, ਅਤੇ ਬਾਦਸ਼ਾਹ ਦੇ ਬੁੱਧੀਜੀਵੀਆਂ ਨੇ ਉਸ ਨੂੰ ਰਾਣੀ ਨੂੰ ਗੱਦੀਉਂ ਲਾਹ ਦੇਣ ਦੀ ਸਲਾਹ ਦਿੱਤੀ। ਉਸ ਨੇ ਉਨ੍ਹਾਂ ਦੀ ਸਲਾਹ ਮੰਨ ਲਈ ਅਤੇ ਰਾਣੀ ਨੂੰ ਆਪਣੇ ਸਾਹਮਣਿਉਂ ਕੱਢ ਦਿੱਤਾ। ਅਗਲਾ ਅਧਿਆਇ ਦੱਸਦਾ ਹੈ ਕਿ ਕਿਵੇਂ ਅਸਤਰ ਨਾਂਅ ਦੀ ਯਹੂਦੀ ਕੁੜੀ ਵਸ਼ਤੀ ਦੀ ਥਾਂ ਰਾਣੀ ਬਣ ਗਈ।

ਬਾਦਸ਼ਾਹ ਦਾ ਛੇ ਮਹੀਨਿਆਂ ਦੀ ਦਾਅਵਤ ਲਈ ਸਰਦਾਰਾਂ ਨੂੰ ਇਕੱਠੇ ਕਰਨਾ (1:1-4)

[1]ਤਾਂ ਐਉਂ ਹੋਇਆ ਅਹਸ਼ਵੇਰੋਸ਼ ਦੇ ਦਿਨਾਂ ਵਿਚ (ਇਹ ਉਹ ਅਹਸ਼ਵੇਰੋਸ਼ ਹੈ ਜਿਹੜਾ ਹਿੰਦ
ਤੋਂ ਕੂਸ਼ ਤੀਕ ਇਕ ਸੌ ਸਤਾਈ ਸੂਬਿਆਂ ਤੇ ਪਾਤਸ਼ਾਹੀ ਕਰਦਾ ਸੀ) [2]ਕਿ ਉਨ੍ਹਾਂ ਦਿਨਾਂ ਵਿਚ ਜਦੋਂ
ਅਹਸ਼ਵੇਰੋਸ਼ ਪਾਤਸ਼ਾਹ ਆਪਣੀ ਰਾਜ ਗੱਦੀ ਉੱਤੇ ਬੈਠਾ ਜਿਹੜੀ ਸ਼ੂਸ਼ਨ ਦੇ ਮਹਿਲ ਵਿਚ ਸੀ [3]ਤਾਂ ਉਸ
ਨੇ ਆਪਣੇ ਰਾਜ ਦੇ ਤੀਸਰੇ ਵਰ੍ਹੇ ਆਪਣਿਆਂ ਸਾਰਿਆਂ ਸਰਦਾਰਾਂ ਅਤੇ ਟਹਿਲੂਆਂ ਅਤੇ ਫ਼ਾਰਸ ਅਰ
ਮਾਦਾ ਦਿਆਂ ਸੈਨਾਪਤੀਆਂ ਦੀ ਅਤੇ ਸੂਬਿਆਂ ਦੇ ਸ਼ਹਿਜ਼ਾਦਿਆਂ ਅਤੇ ਸਰਦਾਰਾਂ ਦੀ ਜਿਹੜੇ ਉਹ ਦੇ ਅੱਗੇ
ਹਾਜ਼ਰ ਰਹਿੰਦੇ ਸਨ ਦਾਉਤ ਕੀਤੀ [4]ਉਸ ਨੇ ਬਹੁਤ ਦਿਨ ਅਰਥਾਤ ਇਕ ਸੌ ਅੱਸੀ ਦਿਨਾਂ ਤੱਕ ਆਪਣੀ
ਪਰਤਾਪਵਾਲੀ ਪਾਤਸ਼ਾਹਤ ਦਾ ਧਨ ਅਤੇ ਆਪਣੀ ਵਡਿਆਈ ਦੇ ਬਹੁਮੁੱਲੇ ਪਦਾਰਥ ਉਨ੍ਹਾਂ ਨੂੰ ਵਿਖਾਏ।

ਕਹਾਣੀ ਦੀ ਸ਼ੁਰੂਆਤ ਉਸ ਪੈਰ੍ਹੇ ਨਾਲ ਹੁੰਦੀ ਹੈ ਜਿਸ ਤੋਂ ਉਸ ਬਾਦਸ਼ਾਹ ਦੀ ਪਛਾਣ ਕਰਵਾਈ ਜਾਂਦੀ ਹੈ ਜਿਸ ਦੇ ਆਲੇ ਦੁਆਲੇ ਇਹ ਕਥਾਨਕ ਬਣਦਾ ਹੈ।

ਆਇਤਾਂ 1, 2. ਤਾਂ ਇਉਂ ਹੋਇਆ, ਇਬਰਾਨੀ ਬਾਈਬਲ ਦੇ ਪਹਿਲੇ ਸ਼ਬਦ (*wayᵉhi*, *ਵੇਯੇਹੀ*) ਦਾ ਅਨੁਵਾਦ ਹੈ ਜਿਸ ਦਾ ਮੂਲ ਅਰਥ ਹੈ ''ਅਤੇ ਇਉਂ।'' ਇਸ ਇਬਰਾਨੀ ਸ਼ਬਦ ਦਾ ਅਨੁਵਾਦ ''This is what happened'' (NIV), ਅਤੇ ''Now it came to pass'' (KJV) ਵੀ ਹੋਇਆ ਹੈ। RSV ਵਿਚ ਵਿਚ ਇਸ ਨੂੰ ਛੱਡਹੀ ਦਿੱਤਾ ਗਿਆ ਹੈ। ਪੁਰਾਣੇ ਨੇਮ ਵਿਚ ਇਸ ਸ਼ਬਦ ਦੀ ਵਰਤੋਂ ਕਿਸੇ ਕਿਤਾਬ ਦੀ ਸ਼ੁਰੂਆਤ ਕਰਨ ਲਈ ਬਾਰ–ਬਾਰ ਕੀਤੀ ਗਈ ਹੈ। ਕੈਰੀ ਸੀ. ਮੂਰ ਦੇ ਮੁਤਾਬਕ ਇਸ ਸ਼ਬਦ ਨੂੰ ''ਸ਼ੁਰੂਆਤ ਕਰਨ ਦੀ ਰੀਤ ਦੇ ਤੌਰ ਤੇ ਸਮਝਿਆ ਜਾਂਦਾ ਹੈ

ਜੋ ਪਾਠਕ ਲਈ ਕਾਫ਼ੀ ਹੱਦ ਤਕ ਉਵੇਂ ਹੀ ਮੰਚ ਤਿਆਰ ਕਰਦਾ ਹੈ ਜਿਵੇਂ ਬੱਚਿਆਂ ਦੀਆਂ ਸਾਡੀਆਂ ਕਹਾਣੀਆਂ ਵਿਚ ''ਇਕ ਵਾਰ ਦੀ ਗੱਲ ਹੈ'' ਵਾਕ ਅੰਸ਼ ਕਰਦਾ ਹੈ।''[1]

ਫ਼ਾਰਸੀ ਸਲਤਨਤ ਦਾ ਇਹ ਬਾਦਸ਼ਾਹ **ਅਹਸ਼ਵੇਰੋਸ਼** ਸੀ, ਜਿਸ ਨੂੰ ਉਸ ਦੇ ਯੂਨਾਨੀ ਨਾਂਅ ''ਅਕਸ਼ਰਕਸ਼ਸ'' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਉਹੀ ਹੈ ਜਿਹਦੀ ਗੱਲ ਅਸਤਰ 4:6 ਵਿਚ ਕੀਤੀ ਗਈ ਹੈ। ਅਸਤਰ ਦੀ ਕਿਤਾਬ ਦੇ ਲੇਖਕ ਨਾ ਖ਼ਾਸ ਤੌਰ ਤੇ ਦੱਸਿਆ ਕਿ ਉਹ ਕਿਸ ਅਹਸ਼ਵੇਰੋਸ਼ ਦੀ ਗੱਲ ਕਰ ਰਿਹਾ ਹੈ, ਇਸ ਕਰਕੇ ਇਹ ਸਾਫ਼ ਲਗਦਾ ਹੈ ਕਿ ਉਸ ਨੂੰ ਇਸੇ ਨਾਂਅ ਵਾਲੇ ਹੋਰਨਾਂ ਰਾਜਿਆਂ ਦਾ ਵੀ ਪਤਾ ਸੀ।

ਇਤਹਾਸਕ ਅਤੇ ਭਾਸ਼ਾਈ ਸਬੂਤ ਦੇ ਅਧਾਰ ਤੇ, ਇਸ ਬਾਦਸ਼ਾਹ ਨੂੰ ਅਕਸ਼ਰਕਸ਼ਸ ਪਹਿਲਾ, ਦੱਸਿਆ ਜਾਂਦਾ ਹੈ ਜੋ ਕਿ ਫ਼ਾਰਸ ਦਾ ਚੌਥਾ ਬਾਦਸ਼ਾਹ ਹੈ (486–465 ਈ.ਪੂ.)। ''ਅਹਸ਼ਵੇਰੋਸ਼'' ਫ਼ਾਰਸੀ ਰੁਤਬੇ ਕਸ਼ਰਸ਼ਾ ਜਿਸ ਦਾ ਅਰਥ ''ਤਾਕਤਵਰ ਆਦਮੀ ਹੈ,'' ਦਾ ਇਬਰਾਨੀ ਅਨੁਵਾਦ ਹੈ ਅਤੇ ਬਾਦਸ਼ਾਹ ਵੱਲੋਂ ਆਪਣੇ ਯਾਦਗਾਰੀ ਸ਼ਿਲਾਲੇਖਾਂ ਉੱਤੇ ਇਹੀ ਅਹੁਦਾ ਵਰਤਿਆ ਜਾਂਦਾ ਸੀ। ਅਕਸ਼ਰਕਸ਼ਸ ਦੀ ਹਕੂਮਤ ''ਭਾਰਤ ਤੋਂ ਮਿਸਰ ਦੀਆਂ ਹੱਦਾਂ ਤਕ ...'' ਆਯੋਨੀ ਤਟ ਤੋਂ ਅਰਬ ਦੇ ਮਰੂਥਲ ਤਕ ਫੈਲਿਆ ਹੋਇਆ ਸੀ।[2] ਇਹ **ਹਿੰਦ ਤੋਂ ਕੂਸ਼** (ਜਾਂ ''ਇਥੋਪੀਆ; NIV) ਤੀਕ ਅਹਸ਼ਵੇਰੋਸ਼ ਦੀ ਹਕੂਮਤ ਨਾਲ ਮੇਲ ਖਾਂਦਾ ਹੈ। ਅਕਸ਼ਰਕਸ਼ਸ ਦੀ ਇਕ ਰਾਜਧਾਨੀ ਸ਼ੂਸ਼ਨ ਸੀ ਜਦ ਕਿ ਆਇਤ 2 ਦੇ ਮੁਤਾਬਕ। ਅਕਸ਼ਰਕਸ਼ਸ ਦਾ ਮਹਿਲ ਫ਼ਾਰਸ ਵਿਚ **ਸ਼ੂਸ਼ਨ** (ਜਾਂ ਸੂਸਾ; NASB) ਵਿਚ ਸੀ। ਹੋਰ ਤਿੰਨ ਰਾਜਧਾਨੀਆਂ ਪਰਸੇਪੋਲਿਸ, ਐਕਬੇਟਾਨਾ ਅਤੇ ਬੇਬਿਲੋਨ ਸਨ।

ਫ਼ਾਰਸੀ ਸਲਤਨਤ ਨੂੰ ਵੀਹ ਤੋਂ ਤੀਹ ਸੂਬਿਆਂ (ਸਤਰਾਮੀਆਂ) ਵਿਚ ਵੰਡਿਆ ਗਿਆ ਸੀ।[3] ਇੱਥੇ ਅਤੇ ਕਿਤਾਬ ਵਿਚ ਅੱਗੇ ਦੱਸੇ ਗਏ **ਇਕ ਸੌ ਸਤਾਈ ਸੂਬਿਆਂ** (8:9; 9:30) ਦੇ ਛੋਟੇ–ਛੋਟੇ ਭੂਗੋਲਿਕ ਅਤੇ ਨਸਲੀ ਇਲਾਕਿਆਂ ਨੂੰ ਕਿਹਾ ਗਿਆ ਹੈ। ਉਦਾਹਰਣ ਲਈ ਯਹੂਦਾਹ ''ਦਰਿਆਉਂ ਪਾਰ'' ਦੇ ਵੱਡੇ ਸੂਬੇ ਦੇ ਅੰਦਰ ਇਕ ਸੂਬਾ ਸੀ।[4]

ਆਇਤਾਂ 3, 4. ਬਾਈਬਲ ਦੇ ਮੁਤਾਬਕ ਅਹਸ਼ਵੇਰੋਸ਼ ਨੇ **ਫ਼ਾਰਸ ਅਰ ਮਾਦਾ** ਦੇ ਆਪਣੇ ਇਲਾਕੇ ਦੇ ਸਰਦਾਰਾਂ ਲਈ **ਦਾਉਤ ਕੀਤੀ**। ''ਫ਼ਾਰਸ ਅਰ ਮਾਦਾ'' ਦਾਨੀਏਲ ਦੀ ਕਿਤਾਬ ਦੀ ਜਾਣੀ ਪਛਾਣੀ ਤਰਤੀਬ ਦਾ ਉਲਟਾ ਹੈ (ਦਾਨੀਏਲ 5:28; 6:8, 12, 15; 8:20)। ਇਹ ਮੰਨਿਆ ਜਾਂਦਾ ਹੈ ਕਿ ਦੋਵੇਂ ਕੌਮਾਂ ਨਸਲੀ ਤੌਰ ਤੇ ਆਪੋ ਵਿਚ ਜੁੜੀਆਂ ਹੋਈਆਂ ਸਨ। ਮਾਦੀ ਲੋਕ 550 ਈ.ਪੂ. ਤਕ ਕਾਬਜ਼ ਸਨ ਜਦ ਕੋਰਸ ਅਤੇ ਫ਼ਾਰਸੀ ਲੋਕ ਹਕੂਮਤ ਵਿਚ ਆਏ।[5]

''ਦਾਉਤ'' ਉਸ ਦੇ **ਰਾਜ ਦੇ ਤੀਸਰੇ ਵਰ੍ਹੇ** ਦੀ ਦੱਸੀ ਗਈ ਹੈ। ਅਕਸ਼ਰਕਸ਼ਸ ਦੀ ਹਕੂਮਤ ਤਕਰੀਬਨ 486 ਤੋਂ 465 ਈ.ਪੂ., ਤਕ ਸੀ, ਇਸ ਕਰਕੇ ਇਸ ਅਧਿਆਇ ਵਿਚਲੀਆਂ ਘਟਨਾਵਾਂ 483 ਈ.ਪੂ. ਦੇ ਨੇੜੇ ਤੇੜੇ ਵਾਪਰੀਆਂ। ਅਸਤਰ ਦੀ ਕਿਤਾਬ ਐਨੀ ਵੱਡੀ ਦਾਅਵਤ ਦਿੱਤੇ ਜਾਣ ਦਾ ਕਾਰਣ ਨਹੀਂ ਦੱਸਦੀ। ਮੌਕੇ ਦਾ ਮਕਸਦ ਯੂਨਾਨੀਆਂ ਦੇ ਵਿਰੁੱਧ ਮੁਹੀਮ ਲਈ ਅਕਸ਼ਰਕਸ਼ਸ ਦੀ ਅਗਲੀ ਯੋਜਨਾ ਬਣਾਉਣਾ ਹੋ ਸਕਦਾ ਹੈ।[6] ਉਸ ਦੇ ਪਿਤਾ ਦਾਰਾ ਪਹਿਲੇ ਨੇ ਯੂਨਾਨ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ ਸੀ ਪਰ 490 ਈ.ਪੂ. ਵਿਚ ਮੈਰਾਥਨ ਵਿਚ ਹਾਰ ਗਿਆ ਸੀ। ਜਿੱਥੇ ਦਾਰਾ ਨਾਕਾਮ ਹੋਇਆ ਸੀ ਉੱਥੋਂ ਅੱਗੇ ਵਧਣ ਦੇ ਇਰਾਦੇ ਨਾਲ, ਅਕਸ਼ਰਕਸ਼ਸ ਪੂਰੇ ਸਮਾਜ ਦੇ ਸਾਰੇ ਸਰਦਾਰਾਂ ਨੇ ਅੱਧਾ ਸਾਲ (**ਇਕ ਸੌ ਅੱਸੀ ਦਿਨਾਂ**) ਤਕ ਮੇਜ਼ਬਾਨੀ ਕੀਤੀ। ਸ਼ੂਸ਼ਨ ਵਿਚ ਉਹ ਉਨ੍ਹਾਂ ਨੂੰ ਸ਼ਿਫਟਾਂ ਵਿਚ ਲਿਆਇਆ ਹੋਵੇਗਾ, ਉਸ ਨੂੰ ਉਸ ਕੰਮ ਵਿਚ ਉਮੀਦ ਦੀ ਵਿਚ ਜਿਹੜਾ ਯੂਨਾਨ ਨੂੰ ਜਿੱਤਣ ਲਈ ਜ਼ਰੂਰੀ ਹੈ।

ਲਿਖਤ ਦੱਸਦੀ ਹੈ ਕਿ ਬਾਦਸ਼ਾਹ ਆਪਣੇ ਮਹਿਮਾਨਾਂ ਨੂੰ ਆਪਣੇ **ਪਰਤਾਪ, ਪਾਤਸ਼ਾਹਤ,** ਅਤੇ **ਵਡਿਆਈ** ਨਾਲ ਆਪਣੇ ਮਹਿਮਾਨਾਂ ਨੂੰ ਪ੍ਰਭਾਵਿਤ ਕਰਨ ਲਈ ਉਨ੍ਹਾਂ ਅੱਗੇ ਆਪਣੀ ਦੌਲਤ ਦਾ

ਵਿਖਾਵਾ ਕਰਨਾ ਸੀ। ਇਸ ਨਾਲ ਮਸ਼ਹੂਰੀ ਅਤੇ ਖ਼ੁਸ਼ਾਮਦ ਲਈ ਉਹਦੀ ਨਿੱਜੀ ਭੁੱਖ ਹੀ ਨਹੀਂ ਮਿਟਣੀ ਸੀ ਬਲਕਿ ਉਸ ਦੇ ਮਹਿਮਾਨਾਂ ਵਿੱਚੋਂ ਕਮਜ਼ੋਰ ਦਿਲ ਵਾਲੇ ਕਿਸੇ ਵੀ ਵਿਅਕਤੀ ਨੂੰ ਹੱਲਾਸ਼ੇਰੀ ਮਿਲਣੀ ਸੀ ਅਤੇ ਯੂਨਾਨ ਤੇ ਉਨ੍ਹਾਂ ਦੇ ਹਮਲੇ ਵਿਚ ਫ਼ਾਰਸੀਆਂ ਨਾਲ ਮਿਲਣ ਲਈ ਦਲੇਰ ਕਰਨਾ ਸੀ। ਨਾਲੇ ਐਨੇ ਸ਼ਕਤੀਸ਼ਾਲੀ ਸਮਰਾਟ ਦੀ ਕਾਟ ਵਿਚ ਸ਼ਾਮਿਲ ਖ਼ਤਰਿਆਂ ਨਾਲ ਉਹਦੇ ਨਾਲ ਸ਼ਾਮਿਲ ਹੋਣ ਵਿਚ ਝਿਜਕਣ ਵਾਲੇ ਵੀ ਪ੍ਰਭਾਵਿਤ ਹੋ ਸਕਦੇ ਹਨ।

ਸ਼ੂਸ਼ਨ ਦੇ ਮਹਿਲ ਲਈ ਸੱਤ ਦਿਨਾਂ ਦੀ ਦਾਅਵਤ ਦੀ ਬਾਦਸ਼ਾਹ ਦੀ ਮੇਜ਼ਬਾਨੀ (1:5-9)

5ਜਦ ਇਹ ਦਿਨ ਬੀਤ ਗਏ ਤਾਂ ਪਾਤਸ਼ਾਹ ਨੇ ਸਾਰਿਆਂ ਲੋਕਾਂ ਦੀ ਜਿਹੜੇ ਸ਼ੂਸ਼ਨ ਦੇ ਮਹਿਲ ਵਿਚ ਪਾਏ ਗਏ ਕੀ ਵੱਡਾ ਕੀ ਛੋਟਾ ਸੱਤ ਦਿਨ ਤੀਕ ਪਾਤਸ਼ਾਹ ਦੇ ਮਹਿਲ ਦੇ ਬਾਗ ਦੇ ਵੇਹੜੇ ਵਿਚ ਦਾਉਤ ਕੀਤੀ 6ਉੱਥੇ ਚਿੱਟੇ ਅਰ ਨੀਲੇ ਰੰਗ ਦੇ ਕਤਾਨੀ ਪੜਦੇ ਚਾਂਦੀ ਦੇ ਛਲਿਆਂ ਨਾਲ ਕਤਾਨੀ ਅਤੇ ਬੈਂਗਣੀ ਰੰਗ ਦੀਆਂ ਡੋਰੀਆਂ ਨਾਲ ਸੰਗ ਮਰਮਰ ਦੇ ਥੰਮਾਂ ਨਾਲ ਬੰਨ੍ਹੇ ਹੋਏ ਸਨ ਅਤੇ ਚੌਕੀਆ ਸੋਨੇ ਅਤੇ ਚਾਂਦੀ ਦੀਆਂ ਲਾਲ ਅਰ ਚਿੱਟੇ ਅਰ ਪੀਲੇ ਅਤੇ ਕਾਲੇ ਸੰਗ ਮਰਮਰ ਦੇ ਫਰਸ਼ ਉੱਤੇ ਸਨ 7ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਸੋਨੇ ਦੇ ਨਾਨਾ ਪਰਕਾਰ ਦਿਆਂ ਭਾਂਡਿਆ ਵਿਚ ਪਾਤਸ਼ਾਹੀ ਮੈ ਪਾਤਸ਼ਾਹ ਸੀ ਸਖਾਉਤ ਅਨੁਸਾਰ ਢੇਰ ਸਾਰੀ ਪੀਣ ਨੂੰ ਦਿੱਤੀ 8ਮੈ ਦਾ ਪੀਣਾ ਦਸਤੂਰ ਦੇ ਅਨੁਸਾਰ ਸੀ, ਕੋਈ ਕਿਸੇ ਨੂੰ ਬਦੋ ਬਦੀ ਨਾ ਪਿਆ ਸਕਦਾ ਸੀ ਕਿਉਂਕਿ ਪਾਤਸ਼ਾਹ ਨੇ ਆਪਣੇ ਮਹਿਲ ਦੇ ਸਾਰੇ ਹੁਦੇਦਾਰਾਂ ਨੂੰ ਤਾਕੀਦ ਕੀਤੀ ਹੋਈ ਸੀ ਕਿ ਹਰ ਮਨੁੱਖ ਦੀ ਮਰਜ਼ੀ ਦੇ ਅਨੁਸਾਰ ਕੀਤਾ ਹੋਈ ਸੀ ਕਿ ਹਰ ਮਨੁੱਖ ਜਾਵੇ। 9ਮਲਕਾ ਵਸ਼ਤੀ ਨੇ ਵੀ ਸ਼ਾਹੀ ਮਹਿਲ ਵਿਚ ਜਿਹੜਾ ਅਹਸ਼ਵੇਰੋਸ਼ ਪਾਤਸ਼ਾਹ ਦਾ ਸੀ ਇਸਤ੍ਰੀਆਂ ਲਈ ਦਾਉਤ ਕੀਤੀ।

ਬਾਦਸ਼ਾਹ ਨੇ ਸੱਤ ਦਿਨਾਂ ਦਾਅਵਤ ਦੀ ਮੇਜ਼ਬਾਨੀ ਕਰਕੇ ਛੇ ਮਹੀਨਿਆਂ ਤਕ ਮਨਾਏ ਜਾਣ ਵਾਲੇ ਜਸ਼ਨਾਂ ਦੀ ਸਮਾਪਤੀ ਕੀਤੀ।

ਆਇਤ 5. ਜ਼ਾਹਿਰ ਤੌਰ ਤੇ, **ਸ਼ੂਸ਼ਨ ਦੇ ਮਹਿਲ** ਦੇ ਹਰ ਬੰਦੇ ਨੇ **ਕੀ ਵੱਡਾ ਕੀ ਛੋਟਾ, ਪਾਤਸ਼ਾਹ ਦੇ ਮਹਿਲ ਦੇ ਬਾਗ ਦੇ ਵੇਹੜੇ ਵਿਚ** ਹੋਈ **ਦਾਉਤ** ਵਿਚ ਹਿੱਸਾ ਲਿਆ। ਇਹ ਘਟਨਾ ਪਹਿਲਾਂ ਵਾਲੀ ਘਟਨਾ ਨਾਲੋਂ ਇਸ ਗੱਲ ਵਿਚ ਫ਼ਰਕ ਸੀ ਕਿ ਇਸ ਵਿਚ ਕੌਣ-ਕੌਣ ਆ ਸਕਦਾ ਸੀ ਅਤੇ ਹਰ ਬੰਦਾ ਕਿੰਨ੍ਹੀ ਕੁ ਪੀ ਸਕਦਾ ਸੀ। ਦਾਅਵਤ ਪੂਰਾ ਹਫ਼ਤਾ ਚੱਲੀ।

ਆਇਤਾਂ 6-8. ਲੇਖਕ ਨੇ ਵਿਸਤਾਰ ਵਿਚ ਇਸ ਦਾਅਵਤ ਦੇ ਪਿਛੋਕੜ ਦਾ ਵਰਣਨ ਕੀਤਾ। ਉਸ ਨੇ ਕੰਧਾਂ ਉੱਤੇ ਲੱਗੀਆਂ ਸਜਾਵਟਾਂ ਅਤੇ ਬਾਗ ਦੇ **ਸੰਗਮਰਮਰ ਦੇ ਥੰਮਾਂ** (**ਨਾਲ ਬੰਨ੍ਹੇ ਹੋਏ**) ਸਜਾਵਟੀ ਫ਼ਰਨੀਚਰ ਜਿਸ ਨਾਲ ਖਾਣਾ ਖਾਣ ਵੇਲੇ ਲੋਕ ਢਾਸ ਲਾ ਸਕਦੇ ਸਨ, (ਬਾਦਸ਼ਾਹ ਦੇ) **ਬਾਗ ਦੇ ਵੇਹੜੇ** ਦੇ ਖ਼ੂਬਸੂਰਤ **ਸੰਗਮਰਮਰ ਦੇ ਫਰਸ਼,** ਅਤੇ ਕੀਮਤੀ **ਸੋਨੇ ਦੇ ਭਾਂਡਿਆਂ** ਜਿਨ੍ਹਾਂ ਵਿੱਚੋਂ ਬਾਦਸ਼ਾਹ ਦੇ ਮਹਿਮਾਨਾਂ ਨੇ ਆਪਣੀ ਮੈਅ ਪੀ ਲਈ, ਦੀ ਤਸਵੀਰ ਬਣਾਈ। ਇਨ੍ਹਾਂ ਚੀਜ਼ਾਂ ਬਾਰੇ ਵਿਸਤਾਰ ਨਾਲ ਦੱਸਣ ਦਾ ਮਕਸਦ ਫ਼ਾਰਸੀ ਹਕੂਮਤ ਦੀ ਸ਼ਾਨ ਨੂੰ ਸਮਝਾਉਣਾ ਅਤੇ ਪਾਠਕ ਦੇ ਮਨ ਵਿਚ ਇਹ ਗੱਲ ਪਾਉਣਾ ਹੋ ਸਕਦਾ ਹੈ ਕਿ ਉਹ ਹਕੂਮਤ ਭਾਵੇਂ ਕਿੰਨੀ ਵੱਡੀ ਸੀ, ਪਰ ਫਿਰ ਵੀ ਕੰਟਰੋਲ ਖ਼ੁਦਾ ਦਾ ਹੀ ਸੀ।

ਹੋਰਨਾਂ ਗੱਲਾਂ (ਜਿਵੇਂ ਇਸ ਅਧਿਆਇ ਦੇ ਬਾਕੀ ਹਿੱਸੇ ਵਿਚ ਮਿਲਣ ਵਾਲੇ ਨਾਂਵਾਂ) ਦੇ ਨਾਲ ਨਾਲ, ਇਹ ਵਿਸਤਾਰ ਨਾਲ ਦੱਸੀਆਂ ਗਈਆਂ ਇਹ ਗੱਲਾਂ ਕਹਾਣੀ ਦੀ ਪ੍ਰਮਾਣਿਕਤਾ ਨੂੰ ਦੱਸਦੀਆਂ ਹਨ। ਕੌਣ ਐਨੀਆਂ ਗੱਲਾਂ ਦੱਸ ਸਕਦਾ ਸੀ (ਜਾਂ ਐਨੀ ਪਰਵਾਹ ਕਰਦਾ)? ਕਿਤਾਬ ਵਿਚਲੇ ਇਹ

ਵੇਰਵੇ ਸੁਝਾਅ ਦਿੰਦੇ ਹਨ ਕਿ ਕਹਾਣੀ ਪੂਰੀਮ ਦੇ ਪਰਬ ਨੂੰ ਸਮਝਾਉਣ ਲਈ ਨਹੀਂ ਘੜੀ ਗਈ ਸੀ। (ਕਿਤਾਬ ਨੂੰ ਕਥਾ ਮੰਨਣਾ ਚਾਹੁਣ ਵਾਲੇ ਲੋਕ ਇਨ੍ਹਾਂ ਨਾਂਵਾਂ ਅਤੇ ਹੋਰ ਵੇਰਵਿਆਂ ਨੂੰ ਸਿਰਫ਼ ਲੇਖਕ ਵੱਲੋਂ ਕਹਾਣੀ ਨੂੰ ਪੜ੍ਹੇ ਜਾਣ ਯੋਗ ਬਣਾਉਣ ਲਈ ਘੜੇ ਗਏ ਮੰਨਦੇ ਹਨ, ਪਰ ਅਜਿਹੇ ਵਿਚਾਰ ਲਈ ਕੋਈ ਜਾਇਜ਼ ਸਬੂਤ ਨਹੀਂ ਹੈ।)

ਪਾਤਸ਼ਾਹ ਦੇ ਖ਼ਾਸ ਆਦੇਸ਼ ਨਾਲ ਉੱਥੇ ਮੌਜੂਦ ਹਰ **ਕਿਸੇ** ਨੂੰ ਛੂਟ ਸੀ ਕਿ ਉਹ ਆਪਣੀ ਮਰਜ਼ੀ ਨਾਲ ਜਿੰਨ੍ਹੀ ਮਰਜ਼ੀ, ਭਾਵੇਂ ਥੋੜ੍ਹੀ ਭਾਵੇਂ ਬਹੁਤੀ, ਪੀ ਸਕਦਾ ਸੀ। **ਮੈ ਪਾਤਸ਼ਾਹ ਦੀ ਸਖਾਉਤ** ਜਾਂ ਮੂਲ ਵਿਚ ਉਸ ਦੇ ''ਹੱਥ'' ਨਾਲ ਦਿੱਤੀ ਗਈ, ਜੋ ਇਹ ਸੁਝਾਅ ਦਿੰਦਾ ਹੈ ਕਿ ਇਹ ਵਧੀਆ ਅਤੇ ਬਹੁਤ ਵਧੀਆ ਸੀ। ਫ਼ਾਰਸੀ ਲੋਕ ਅਜਿਹੇ ਮੌਕਿਆਂ ਉੱਤੇ ਬੇਹੱਦ ਪੀਣ ਲਈ ਮਸ਼ਹੂਰ ਸਨ।[7] ਜੋਸੇਫ਼ਸ ਨੇ ਕਿਹਾ ਕਿ ਮਹਿਮਾਨਾਂ ਲਈ ਮੈ ਦੇ ਕੋਲ ਲਿਆਏ ਜਾਂਦੇ ਰਹਿਣਾ ਆਮ ਗੱਲ ਸੀ ਭਾਵ ਆਮ ਤੌਰ ਤੇ ਉਨ੍ਹਾਂ ਨੂੰ ਪੀਣ ਲਈ ਮਜਬੂਰ ਕੀਤਾ ਜਾਂਦਾ ਸੀ।[8] ਹੋ ਸਕਦਾ ਹੈ ਕਿ ਮਹਿਮਾਨਾਂ ਨੂੰ ਓਨੀ ਵਾਰ ਪੀਣ ਲਈ ਕਿਹਾ ਜਾਂਦਾ ਹੋਵੇ ਜਿੰਨੀ ਵਾਰ ਬਾਦਸ਼ਾਹ ਕਹਿੰਦਾ ਸੀ। ਪਰ ਇਸ ਮੌਕੇ ਤੇ ਬਾਦਸ਼ਾਹ ਨੇ ਆਮ ਰੀਤ ਨੂੰ, ਭਾਵੇਂ ਉਹ ਜੋ ਵੀ ਹੋਵੇ, ਭੰਗ ਕਰ ਦਿੱਤਾ ਅਤੇ ਮੈ ਵਰਤਾਉਣ ਵਾਲਿਆਂ ਨੂੰ ਨਿਰਦੇਸ਼ ਦਿੱਤਾ ਕਿ ਹਰ ਕਿਸੇ ਨੂੰ ਓਨੀ ਪਿਆਈ ਜਾਵੇ ਜਿੰਨੀ ਉਹ ਨੂੰ ਚੰਗੀ ਲੱਗੇ, ਭਾਵੇਂ ਘੱਟ ਅਤੇ ਭਾਵੇਂ ਵੱਧ (ਜਿਵੇਂ ਉਹ ਚਾਹੇ; NIV)। **ਦਸਤੂਰ** ਸ਼ਬਦ ਇੱਥੇ ਮਾਦੀਆਂ ਅਤੇ ਫ਼ਾਰਸੀਆਂ ਦੇ ਨਾ ਬਦਲੇ ਜਾ ਸਕਣ ਵਾਲੇ ਕਾਨੂੰਨ ਲਈ ਨਹੀਂ, ਬਲਕਿ ਇਸ ਦਾਅਵਤ ਨਾਲ ਸਬੰਧਿਤ ਬਾਦਸ਼ਾਹ ਦੇ ਹੁਕਮ ਲਈ ਵਰਤਿਆ ਗਿਆ ਹੈ। ਬਾਦਸ਼ਾਹ ਸਰਵਉਚ ਸੀ ਇਸ ਕਰਕੇ ਉਸ ਵੱਲੋਂ ਦਸਤੂਰ ਤੋੜਿਆ ਜਾਣਾ ਕਾਨੂੰਨ ਹੀ ਸੀ।[9]

ਆਇਤ 9. ਇਸੇ ਵੇਲੇ, **ਮਲਕਾ ਵਸ਼ਤੀ** ਨੇ ਆਪਣੀ **ਦਾਉਤ** ਵਿਚ ਔਰਤਾਂ ਦੀ ਮੇਜ਼ਬਾਨੀ ਕੀਤੀ। ਫ਼ਾਰਸੀ ਦਾਅਵਤਾਂ ਵਿਚ ਆਮ ਤੌਰ ਤੇ ਆਦਮੀਆਂ ਅਤੇ ਔਰਤਾਂ ਨੂੰ ਅੱਡ ਨਹੀਂ ਕੀਤਾ ਜਾਂਦਾ ਸੀ (5:4),[10] ਪਰ ਇਸ ਮੌਕੇ ਤੇ ਰਾਣੀ ਨੇ ਆਪਣੇ ਜਸ਼ਨ ਦੀ ਮੇਜ਼ਬਾਨੀ ਕੀਤੀ।

ਬਾਦਸ਼ਾਹ ਵੱਲੋਂ ਆਪਣੀ ਮਲਕਾ ਨੂੰ ਪਾਪ ਭਰੀ ਬੇਨਤੀ ਅਤੇ ਉਹਦੇ ਵੱਲੋਂ ਇਨਕਾਰ ਕੀਤਾ ਜਾਣਾ (1:10-12)

10ਸਤਵੇਂ ਦਿਨ ਜਦੋਂ ਪਾਤਸ਼ਾਹ ਦਾ ਦਿਲ ਮੈਂ ਵਿਚ ਮਗਨ ਸੀ ਉਸ ਨੇ ਮਹੂਮਾਨ, ਬਿਜ਼ਥਾ, ਹਰਬੋਨਾ, ਬਿਗਥਾ, ਅਬਗਥਾ, ਜੇਥਰ ਅਤੇ ਕਰਕਸ ਸੱਤਾਂ ਖੁਸਰਿਆਂ ਨੂੰ ਜਿਹੜੇ ਅਹਸ਼ਵੇਰੋਸ਼ ਪਾਤਸ਼ਾਹ ਦੇ ਸਨਮੁਖ ਸੇਵਾ ਕਰਦੇ ਸਨ ਹੁਕਮ ਦਿੱਤਾ 11ਕਿ ਵਸ਼ਤੀ ਮਲਕਾ ਨੂੰ ਸ਼ਾਹੀ ਮੁਕਟ ਨਾਲ ਪਾਤਸ਼ਾਹ ਦੇ ਸਨਮੁਖ ਲਿਆਉਣ ਤਾਂ ਜੋ ਉਹ ਦਾ ਸੁਹੱਪਣ ਲੋਕਾਂ ਨੂੰ ਅਤੇ ਸਰਦਾਰਾਂ ਨੂੰ ਵਿਖਾਵੇ ਕਿਉਂ ਜੋ ਉਹ ਵੇਖਣ ਵਿਚ ਸੋਹਣੀ ਸੀ 12ਪਰ ਮਲਕਾ ਵਸ਼ਤੀ ਨੇ ਪਾਤਸ਼ਾਹ ਦੇ ਹੁਕਮ ਨਾਲ ਆਉਣ ਤੋਂ ਇਨਕਾਰ ਕੀਤਾ ਜਿਹੜਾ ਖੁਸਰਿਆਂ ਦੇ ਰਾਹੀਂ ਦਿੱਤਾ ਸੀ, ਇਸ ਲਈ ਪਾਤਸ਼ਾਹ ਬਹੁਤ ਗੁੱਸੇ ਹੋਇਆ ਅਤੇ ਉਹ ਦਾ ਕ੍ਰੋਧ ਉਹ ਦੇ ਵਿਚ ਬਲ ਉੱਠਿਆ।

ਬਾਦਸ਼ਾਹ ਅਹਸ਼ਵੇਰੋਸ਼ ਨੇ ਆਪਣੀ ਮਲਕਾ ਨੂੰ ਆਣ ਕੇ ਆਪਣੀ ਖ਼ੂਬਸੂਰਤੀ ਦਾ ਮੁਜ਼ਾਹਿਰਾ ਕਰਨ ਦਾ ਹੁਕਮ ਘੱਲਿਆ, ਪਰ ਉਸਨੇ ਮਨ੍ਹਾਂ ਕਰ ਦਿੱਤਾ।

ਆਇਤਾਂ 10-12. ਪਾਤਸ਼ਾਹ ਆਪਣੇ ਮਹਿਮਾਨਾਂ ਨੂੰ ਇਹ ਵਿਖਾਉਣਾ ਚਾਹੁੰਦਾ ਸੀ ਕਿ ਉਹ ਕਿੰਨਾਂ ਅਮੀਰ ਅਤੇ ਕਿੰਨਾਂ ਤਾਕਤਵਰ ਹੈ। ਆਪਣੀ ਮਹਾਨਤਾ ਨਾਲ ਆਪਣੀ ਦਾਅਵਤ ਲਈ ਆਏ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ, ਉਸ ਨੇ ਆਪਣੀ **ਸੋਹਣੀ** ਰਾਣੀ ਦਾ ਵਿਖਾਵਾ ਕਰਨ ਦਾ ਫ਼ੈਸਲਾ ਕੀਤਾ; ਸੋ ਉਸ ਨੇ **ਸੱਤਾਂ ਖੁਸਰਿਆਂ ਨੂੰ ਹੁਕਮ ਦਿੱਤਾ** ਕਿ ਵਸ਼ਤੀ ਨੂੰ ਉਹਦੇ ਸਾਹਮਣੇ ਲਿਆਉਣ ਤਾਂ

ਜੋ ਉਹ ਉਸਦੀ ਦਾਅਵਤ ਵਿਚ ਸ਼ਾਮਿਲ ਲੋਕਾਂ ਦੇ ਸਾਹਮਣੇ ਆਪਣਾ **ਸੁਹੱਪਣ ਵਿਖਾਵੇ** (1: 11)। ਪਰ ਉਲਟਾ ਉਹਨੇ ਸੁਨੇਹਾ ਘੱਲ ਦਿੱਤਾ ਕਿ ਉਹ ਨਹੀਂ **ਆਉਣ** ਵਾਲੀ। ਬਾਦਸ਼ਾਹ ਆਪਣੀ ਪਤਨੀ ਦੇ ਇਨਕਾਰ ਕਰਨ ਤੇ **ਬਹੁਤ ਗੁੱਸੇ** ਵਿਚ ਆ ਗਿਆ ਅਤੇ **ਉਹ ਦਾ ਕ੍ਰੋਧ ਉਹ ਦੇ ਵਿਚ ਬਲ ਉੱਠਿਆ** (1: 12)। ਉਹਦੀ ਪ੍ਰਤੀਕਿਰਿਆ ਸਮਝੀ ਜਾ ਸਕਦੀ ਹੈ ਕਿ ਐਨੇ ਸ਼ਕਤੀਸ਼ਾਲੀ ਲੋਕਾਂ ਵਿਚ ਜਿਨ੍ਹਾਂ ਅੱਗੇ ਉਹ ਆਪਣੀ ਸ਼ਾਨ ਨੂੰ ਵਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਹ ਹਾਕਮ ਜਿਹਦਾ ਦੁਨੀਆਂ ਉੱਤੇ ਇਖ਼ਤਿਆਰ ਸੀ, ਆਪਣੀ ਪਤਨੀ ਨੂੰ ਵੱਸ ਵਿਚ ਨਹੀਂ ਰੱਖ ਸਕਦਾ ਸੀ।

ਕਹਾਣੀ ਸਾਫ਼ ਹੈ, ਪਰ ਬਹੁਤ ਕੁਝ ਅਣਕਹਿਆ ਰਹਿ ਗਿਆ ਹੈ। ਘੱਟੋ – ਘੱਟ ਦੋ ਸਵਾਲਾਂ ਦੇ ਜਵਾਬ ਦਿੱਤੇ ਬਗ਼ੈਰ ਰਹਿ ਗਏ:

ਪਹਿਲਾਂ ਸਵਾਲ ਹੈ ''ਭਲਾ ਬਾਦਸ਼ਾਹ ਨੇ ਵਸ਼ਤੀ ਨੂੰ ਸ਼ਰਾਬੀਆਂ ਦੇ ਇਸ ਹਜੂਮ ਦੇ ਸਾਹਮਣੇ ਆਉਣ ਜਾਂ ਆਪਣਾ ਪ੍ਰਦਰਸ਼ਣ ਕਰਨ ਲਈ ਕਹਿਣਾ ਚਾਹੀਦਾ ਸੀ?'' ਵਿਰਤਾਂਤ ਵਿਚ ਲੇਖਕ ਦਾ ਮਕਸਦ ਲੋਕਾਂ ਨੂੰ ਇਖ਼ਲਾਕੀ ਫ਼ੈਸਲੇ ਦੇਣ ਦਾ ਨਹੀਂ ਸੀ। ਉਸ ਦੀ ਗੱਲ ਕਿ ਬਾਦਸ਼ਸਾਹ ਨੇ ਵਸ਼ਤੀ ਨੂੰ ਉਦੋਂ ਬੁਲਾਇਆ ਜਦੋਂ ਉਹਦਾ **ਦਿਲ ਮੈ ਵਿਚ ਮਗਨ ਸੀ** (1: 10) ਇਹ ਕਹਿਣ ਦਾ ਇਕ ਤਰੀਕਾ ਹੈ ਕਿ ''ਜਦ ਉਹ ਟੁੰਨ ਹੋਇਆ ਹੋਇਆ ਸੀ।'' ਲੇਖਕ ਦੇ ਕਹਿਣ ਦਾ ਮਤਲਬ ਇਹ ਹੋ ਸਕਦਾ ਹੈ ਕਿ ਬਹੁਤ ਜ਼ਿਆਦਾ ਪੀਤੇ ਹੋਏ ਲੋਕ ਅਜਿਹੀਆਂ ਗੱਲਾਂ ਕਰ ਸਕਦੇ ਹਨ ਜਿਨ੍ਹਾਂ ਦਾ ਬਾਅਦ ਵਿਚ ਉਨ੍ਹਾਂ ਨੂੰ ਪਛਤਾਵਾ ਹੋਵੇ।

ਦੂਜਾ ਸਵਾਲ ਇਹ ਉੱਠਦਾ ਹੈ ਕਿ ''ਆਉਣ ਤੋਂ ਅਤੇ ਬਾਦਸ਼ਾਹ ਦੇ ਹੁਕਮ ਮੁਤਾਬਕ ਆਪਣਾ ਪ੍ਰਦਰਸ਼ਨ ਕਰਨ ਤੋਂ ਇਨਕਾਰ ਕਰਨ ਲਈ ਰਾਣੀ ਦੀ ਤਾਰੀਫ਼ ਕੀਤੀ ਜਾਵੇ ਜਾਂ ਨਿੰਦਿਆ?'' ਕਿਸੇ ਨੂੰ ਨਹੀਂ ਪਤਾ ਕਿ ਵਸ਼ਤੀ ਨੇ ਆਪਣੇ ਪਤੀ ਦਾ ਹੁਕਮ ਕਿਉਂ ਨਹੀਂ ਮੰਨਿਆ।[11] ਜਿਵੇਂ ਅਹਸ਼ਵੇਰੋਸ਼ ਦੀ ਉਹਦੇ ਧੱਕੇਸ਼ਾਹੀ ਵਾਲੇ ਵਰਤਾਵੇ ਦੀ ਨਿੰਦਿਆ ਕੀਤੀ ਗਈ ਹੈ, ਉਵੇਂ ਹੀ ਉਸ ਦੀ ਬੇਤੁਕੀ ਬੇਨਤੀ ਨੂੰ ਨਾ ਮੰਨਣ ਲਈ ਵਸ਼ਤੀ ਦੀ ਤਾਰੀਫ਼ ਕੀਤੀ ਗਈ ਹੈ।[12] ਆਮ ਤੌਰ ਤੇ ਉਸ ਦੇ ਮਨ੍ਹਾਂ ਕਰਨ ਨੂੰ ਉਸ ਦੀ ਸਾਦਗੀ ਦੱਸਿਆ ਜਾਂਦਾ ਹੈ। ਕੁਝ ਯਹੂਦੀ ਰੱਬੀਆਂ ਨੇ ਮੰਨਿਆ ਹੈ ਕਿ ਬਾਦਸ਼ਾਹ ਨੇ ਵਸ਼ਤੀ ਨੂੰ ਆਪਣਾ **ਸ਼ਾਹੀ ਮੁਕਟ** ਪਾ ਕੇ ਆਉਣ ਦਾ ਹੁਕਮ ਦਿੱਤਾ, ਹੋਰ ਕੁਝ ਨਹੀਂ![13] ਕਈਆਂ ਨੇ ਸੁਝਾਅ ਦਿੱਤਾ ਹੈ ਕਿ ਭੀੜ ਦੇ ਸਾਹਮਣੇ ਬਿਨਾਂ ਪੜਦੇ ਦੇ ਆਉਣਾ ਰਾਣੀ ਦੀ ਮਰਿਆਦਾ ਵਾਲੀ ਸੋਚ ਨੂੰ ਠੋਕਰ ਲਾਉਣ ਵਾਲਾ ਹੋਵੇਗਾ। ਇਕ ਹੋਰ ਵਿਚਾਰ ਇਹ ਹੈ ਕਿ ਉਹ ਗਰਭਵਤੀ ਸੀ ਅਤੇ ਇਸ ਹਾਲਤ ਵਿਚ ਉਸ ਨੇ ਆਮ ਲੋਕਾਂ ਵਿਚ ਨਾ ਆਉਣਾ ਚੁਣਿਆ।[14] ਇਕ ਆਖ਼ਰੀ ਵਿਚਾਰ ਇਹ ਹੈ ਕਿ ਅਜਿਹੇ ਪ੍ਰਦਰਸ਼ਨ ਖ਼ਾਸ ਤੌਰ ਤੇ ਰਖੈਲਾਂ ਵੱਲੋਂ ਕੀਤੇ ਜਾਂਦੇ ਸਨ, ਅਤੇ ਰਾਣੀ ਨੂੰ ਲੱਗਾ ਕਿ ਇਹ ਮੰਗ ਉਹਦੀ ਸ਼ਾਨ ਅਤੇ ਰੁਤਬੇ ਦੇ ਖ਼ਿਲਾਫ਼ ਸੀ।[15] ਉਹਦੀ ਦਲੀਲ ਜੋ ਵੀ ਹੋਵੇ, ਪਰ ਬਾਦਸ਼ਾਹ ਅਤੇ ਉਹਦੇ ਸਲਾਹਕਾਰਾਂ ਦੀ ਨਜ਼ਰ ਵਿਚ, ਉਸ ਵੱਲੋਂ ਇਨਕਾਰ ਕੀਤਾ ਜਾਣਾ ਆਪਣੇ ਪਤੀ ਦੇ ਹੁਕਮ ਨੂੰ ਨਾ ਜਿਹੜਾ ਐਨੀ ਵੱਡੀ ਸਲਤਨਤ ਦਾ ਹਾਕਮ ਮੰਨਣਾ ਸੀ!

ਇਸ ਨਾਲ ਸ਼ਾਇਦ ਅੱਜ ਦੇ ਪਾਠਕਾਂ ਨੂੰ, ਉਸ ਸਭ ਨੂੰ ਜੋ ਕੁਝ ਹੋਇਆ, ਪਰਿਪੇਖ ਵਿਚ ਰੱਖਣ ਵਿਚ ਮਦਦ ਮਿਲੇ, ਜੇ ਸਾਨੂੰ ਯਾਦ ਹੈ ਕਿ ਰਾਣੀ ਆਪ ਵੀ ਇਕ ਦਾਅਵਤ ਦੀ ਮੇਜ਼ਬਾਨੀ ਕਰ ਰਹੀ ਸੀ। ਅਸੀਂ ਵਸ਼ਤੀ ਤੇ ਆਪਣੀ ਦਾਅਵਤ ਦੇ ਸਮਾਰੋਹਾਂ ਦੀ ਮਾਲਕ ਦੇ ਤੌਰ ਤੇ ਸੇਵਾ ਕਰਨ ਦੀ ਕਲਪਨਾ ਕਰ ਸਕਦੇ ਹਾਂ ਜਦ ਬਾਦਸ਼ਾਹ ਦੇ ਸੱਤ ਦੂਤ ਆਣ ਕੇ ਉਸ ਨੂੰ ਬਾਦਸ਼ਾਹ ਦੀ ਦਾਅਵਤ ਵਿਚ ਜਾਣ ਲਈ ਆਪਣੇ ਮਗਰ ਚੱਲਣ ਦਾ ਹੁਕਮ ਦਿੰਦੇ ਹਨ। ਵਸ਼ਤੀ ਨੇ ਬਿਲਕੁਲ ਇਨਕਾਰ ਕੀਤਾ ਹੋਵੇਗਾ ਕਿਉਂ ਜੋ ਉਸ ਨੂੰ ਬਾਦਸ਼ਾਹ ਦਾ ਹੁਕਮ ਬੇਮੌਕਾ ਅਤੇ ਢੀਠਪੁਣੇ ਵਾਲਾ ਲੱਗਾ। ਸ਼ਾਇਦ ਉਹ ਨੂੰ ਆਪਣੀ ਮਰਿਆਦਾ ਦਾ ਕੋਈ ਫ਼ਿਕਰ ਨਹੀਂ ਸੀ।[16]

ਬਾਦਸ਼ਾਹ ਦਾ ਆਪਣੀ ਮਲਕਾ ਨੂੰ ਗੱਦੀਉ ਲਾਹੁਣਾ (1:13-22)

ਇਕ ਯੋਜਨਾ ਦੀ ਲੋੜ (1: 13-15)

[13]ਤਦ ਪਾਤਸ਼ਾਹ ਨੇ ਬੁੱਧਵਾਨਾਂ ਨੂੰ ਆਖਿਆ ਜਿਹੜੇ ਸਮਿਆਂ ਦੇ ਦੇ ਸਿਆਣੂ ਸਨ - ਕਿਉਂਕਿ ਪਾਤਸ਼ਾਹ ਦੀ ਨੀਤੀ ਸਾਰੇ ਕਨੂਨ ਅਤੇ ਨਿਆਉਂ ਦੇ ਜਾਣਨ ਵਾਲਿਆ ਲਈ ਅਜੇਹੀ ਹੀ ਸੀ [14]ਪਾਤਸ਼ਾਹ ਦੇ ਨੇੜੇ ਰਹਿਣ ਵਾਲੇ ਫ਼ਾਰਸ ਅਤੇ ਮਾਦਾ ਦੇ ਸੱਤ ਸਰਦਾਰ ਸਨ ਅਰਥਾਤ ਕਰਸ਼ਨਾ, ਸ਼ੇਥਾਰ, ਅਧਮਾਥਾ, ਤਰਸ਼ੀਸ਼, ਮਰਸ, ਮਰਸਨਾ, ਅਤੇ ਮਮੂਕਾਨ ਇਹ ਪਾਤਸ਼ਾਹ ਦਾ ਮੂੰਹ ਵੇਖਦੇ ਸਨ ਅਤੇ ਪਾਤਸ਼ਾਹੀ ਵਿਚ ਪਹਿਲੇ ਦਰਜੇ ਉੱਤੇ ਬੈਠਦੇ ਸਨ - [15]ਅਸੀਂ ਮਲਕਾ ਵਸ਼ਤੀ ਦੇ ਨਾਲ ਨੀਤੀ ਦੇ ਅਨੁਸਾਰ ਕੀ ਕਰੀਏ? ਕਿਉਂ ਜੋ ਉਸ ਨੇ ਪਾਤਸ਼ਾਹ ਅਹਸ਼ਵੇਰੋਸ਼ ਦਾ ਹੁਕਮ ਜਿਹੜਾ ਖੁਸਰਿਆਂ ਦੇ ਰਾਹੀਂ ਆਇਆ ਸੀ ਨਹੀਂ ਮੰਨਿਆ?

ਕ੍ਰੋਧ ਵਿਚ ਭਰੇ ਬਾਦਸ਼ਾਹ ਨੇ ਇਹ ਫ਼ੈਸਲਾ ਲੈਣ ਲਈ ਕਿ ਵਸ਼ਤੀ ਦਾ ਕੀ ਕੀਤਾ ਜਾਵੇ, ਬੁੱਧੀਜੀਵੀਆਂ ਨਾਲ ਸਲਾਹ ਕੀਤੀ।

ਆਇਤਾਂ 13, 14. ਪਾਤਸ਼ਾਹ ਦੇ ਸੱਤ ਸਰਦਾਰ ਸਨ, ਜਿਹੜੇ ਉਹਦੇ ਸਭ ਤੋਂ ਨਜ਼ਦੀਕੀ ਸਲਾਹਕਾਰਾਂ ਦਾ ਪੈਨਲ ਸਨ (ਵੇਖੋ ਅਸਤਰ 7: 14)। ਉਨ੍ਹਾਂ ਨੂੰ ਇੱਥੇ **ਬੁੱਧਵਾਨਾਂ** ਦੇ ਰੂਪ ਵਿਚ ਵਿਖਾਇਆ ਗਿਆ ਹੈ **ਜਿਹੜੇ ਸਮਿਆਂ ਦੇ ਸਿਆਣੂ ਸਨ** ਅਤੇ **ਕਾਨੂੰਨ ਅਤੇ ਨਿਆਉਂ** ਦੀ ਸਮਝ ਰੱਖਦੇ ਸਨ। ਇਹ ਲੋਕ **ਪਾਤਸ਼ਾਹ ਦਾ ਮੂੰਹ ਵੇਖਦੇ ਸਨ** (ਮੂਲ ਵਿਚ ਉਹ ''ਬਾਦਸ਼ਾਹ ਦਾ ਮੂੰਹ ਤੱਕਦੇ'' ਹੈ) ਅਤੇ **ਉਹਦੇ ਨੇੜੇ ਰਹਿਣ ਵਾਲੇ** ਲੋਕ ਸਨ।

ਆਇਤ 15. ਪੂਰੀ ਕਿਤਾਬ ਵਿਚ ਸਾਫ਼ ਹੈ, ਇਹ ਬਾਦਸ਼ਾਹ ਆਮ ਤੌਰ ਤੇ ਉਨ੍ਹਾਂ ਦੀ ਸਲਾਹ ਲੈਂਦਾ ਅਤੇ ਦੂਜਿਆਂ ਦੀ ਮੰਨਦਾ ਸੀ। ਉਸ ਨੇ ਇਨ੍ਹਾਂ ਸੱਤਾਂ ਸਲਾਹਕਾਰਾਂ ਨੂੰ ਪੁੱਛਿਆ ਕਿ **ਮਲਕਾ ਵਸ਼ਤੀ** ਦਾ ਉਹਦੇ ਹੁਕਮ ਤੋੜਨ ਲਈ **ਕੀ ਕਰੀਏ**।

ਇਕ ਯੋਜਨਾ ਦੱਸੀ ਗਈ (1: 16-20)

[16]ਮਮੂਕਾਨ ਨੇ ਪਾਤਸ਼ਾਹ ਅਤੇ ਸਰਦਾਰਾਂ ਦੇ ਸਨਮੁਖ ਆਖਿਆ ਕਿ ਮਲਕਾ ਵਸ਼ਤੀ ਨੇ ਕੇਵਲ ਪਾਤਸ਼ਾਹ ਦਾ ਹੀ ਨਹੀਂ ਪਰ ਸਾਰੇ ਸਰਦਾਰਾਂ ਅਤੇ ਸਾਰੀ ਪਰਜਾ ਦਾ ਜਿਹੜੀ ਅਹਸ਼ਵੇਰੋਸ ਪਾਤਸ਼ਾਹ ਦੇ ਸਾਰੇ ਸੂਬਿਆਂ ਵਿਚ ਹੈ ਬੁਰਾ ਕੀਤਾ ਹੈ [17]ਕਿਉਂ ਜੋ ਮਲਕਾ ਦੀ ਇਹ ਕਰਤੂਤ ਸਾਰੀਆਂ ਤੀਵੀਆਂ ਕੋਲ ਜਾਵੇਗੀ ਸੋ ਉਨ੍ਹਾਂ ਦੀ ਨਿਗਾਹ ਵਿਚ ਉਨ੍ਹਾਂ ਦੇ ਪਤੀ ਬੇਪਤ ਹੋ ਜਾਣਗੇ ਜਦ ਓਹ ਸੁਣਨਗੀਆਂ ਕਿ ਪਾਤਸ਼ਾਹ ਅਹਸ਼ਵੇਰੋਸ਼ ਨੇ ਵਸ਼ਤੀ ਮਲਕਾ ਨੂੰ ਆਪਣੇ ਸਨਮੁਖ ਲਿਆਉਣ ਦਾ ਹੁਕਮ ਦਿੱਤਾ ਪਰ ਉਹ ਨਾ ਆਈ [18]ਅੱਜ ਦੇ ਦਿਨ ਫ਼ਾਰਸ ਅਤੇ ਮਾਦਾ ਦੀਆਂ ਕੁਲ ਸਰਦਾਰਨੀਆਂ ਪਾਤਸ਼ਾਹ ਦੇ ਸਾਰੇ ਸਰਦਾਰਾਂ ਨੂੰ ਜਿਨ੍ਹਾਂ ਨੇ ਮਲਕਾ ਦੀ ਇਹ ਗੱਲ ਸੁਣ ਲਈ ਹੈ ਏਸੇ ਤਰ੍ਹਾਂ ਆਖਣਗੀਆਂ ਤਾਂ ਐਉਂ ਨਿੰਦਿਆ ਅਤੇ ਕ੍ਰੋਧ ਬਹੁਤ ਉਠੇਗਾ [19]ਜੇ ਕਰ ਪਾਤਸ਼ਾਹ ਨੂੰ ਗੱਲ ਚੰਗੀ ਲੱਗੇ ਤਾਂ ਉਸ ਦੀ ਵੱਲੋਂ ਇਕ ਸ਼ਾਹੀ ਹੁਕਮ ਨਿਕਲੇ ਅਤੇ ਉਹ ਫ਼ਾਰਸੀਆਂ ਅਤੇ ਸ਼ਾਹੀ ਮਾਦੀਆਂ ਦੇ ਕਾਨੂੰਨਾਂ ਵਿਚ ਲਿਖਿਆ ਜਾਵੇ ਤਾਂ ਜੋ ਉਹ ਨਾ ਬਦਲੇ ਕਿ ਅੱਗੇ ਨੂੰ ਵਸਤੀ ਮਲਕਾ ਅਹਸ਼ਵੇਰੋਸ ਪਾਤਸ਼ਾਹ ਦੇ ਸਨਮੁਖ ਕਦੀ ਨਾ ਆਵੇ ਅਤੇ ਪਾਤਸ਼ਾਹ ਉਸ ਦੀ ਪਦਵੀ ਕਿਸੇ ਹੋਰ ਨੂੰ ਦੇ ਦੇਵੇ ਜਿਹੜੀ ਉਸ ਤੋਂ ਚੰਗੀ ਹੋਵੇ [20]ਜਦ ਪਾਤਸ਼ਾਹ ਦਾ ਹੁਕਮ ਜਿਹੜਾ ਉਹ ਪਰਚਲਤ ਕਰੇਗਾ ਉਸ ਦੀ ਸਾਰੀ ਪਾਤਸ਼ਾਹੀ ਵਿਚ ਕਿਉਂ ਜੋ ਉਹ ਵੱਡੀ ਹੈ ਸਾਰੀਆਂ ਇਸਤ੍ਰੀਆਂ ਸੁਣਨਗੀਆਂ ਤਾਂ ਆਪਣੇ ਪਤੀਆਂ ਦਾ ਭਾਵੇਂ ਛੋਟਾ ਭਾਵੇਂ ਵੱਡਾ ਆਦਰ ਕਰਨਗੀਆਂ।

ਆਇਤ 16. ਮਮੂਕਾਨ ਨੇ ਜਿਹੜਾ 1:14 ਵਿਚ ਦੱਸੇ ਗਏ ਸੱਤ ਸਰਦਾਰਾਂ ਵਿੱਚੋਂ ਇਕ ਸੀ, ਇਹ ਸਿਫ਼ਾਰਸ਼ ਕਰਦਿਆਂ ਜਵਾਬ ਦਿੱਤਾ ਕਿ **ਪਾਤਸ਼ਾਹ ਮਲਕਾ ਵਸ਼ਤੀ** ਨੂੰ ਗੱਦੀਉਂ ਲਾਹ ਦਵੇ। ਉਸ ਨੇ ਆਖਿਆ ਕਿ ਆਪਣੇ ਵਤੀਰੇ ਨਾਲ ਉਹਨੇ **ਕੇਵਲ ਪਾਤਸ਼ਾਹ ਦਾ ਹੀ ਨਹੀਂ ਪਰ ਸਾਰੇ ਸਰਦਾਰਾਂ ਅਤੇ ਸਾਰੀ ਪਰਜਾ ਦਾ** ਉਸ ਦੇ **ਸੂਬਿਆਂ ਵਿਚ ਬੁਰਾ ਕੀਤਾ** ਸੀ।

ਆਇਤਾਂ 17, 18. ਉਹਦੇ ਵੱਲੋਂ ਜਤਾਈ ਗਈ ਚਿੰਤਾ ਇਹ ਸੀ ਕਿ ਬਾਦਸ਼ਾਹ ਦੇ ਸਾਹਮਣੇ **ਮਲਕਾ ਦੀ ਕਰਤੂਤ ਸਾਰੀਆਂ ਤੀਵੀਆਂ ਕੋਲ ਜਾਵੇਗੀ** ਅਤੇ ਰਾਜ ਦੀਆਂ **ਸਾਰੀਆਂ** ਪਤਨੀਆਂ ਅਣਆਗਿਆਕਾਰ ਹੋ ਜਾਣਗੀਆਂ। ਉਸ ਦੀ ਕਲਪਨਾ ਸੀ ਕਿ **ਉਨ੍ਹਾਂ ਦੀ ਨਿਗਾਹ ਵਿਚ ਉਨ੍ਹਾਂ ਦੇ ਪਤੀ ਬੇਪਤ ਹੋ ਜਾਣਗੇ** ਜਾਂ ਉਹ ਉਨ੍ਹਾਂ ਨੂੰ ''ਤੁੱਛ'' ਜਾਣਨਗੀਆਂ (NIV) ਅਤੇ ਉਹ ਆਪਣੀ ਗੁਸਤਾਖ਼ੀ ਲਈ ਮਲਕਾ ਦੇ ਸਲੂਕ ਦੇ ਤਰਕ ਅਤੇ ਨਮੂਨੇ ਨੂੰ ਵਰਤਣਗੀਆਂ। ਅਜਿਹੀ ਬੇਇਜ਼ਤੀ ਨਾਲ ਉਨ੍ਹਾਂ ਦੇ ਪਤੀਆਂ ਨੂੰ **ਕ੍ਰੋਧ** ਆਉਣਾ ਸੀ।

ਆਇਤ 19. ਇਸ ਕਰਕੇ, ਮਮੂਕਾਨ ਨੇ ਕਿਹਾ ਕਿ **ਪਾਤਸ਼ਾਹ** ਇਹ ਆਖਦਿਆਂ ਫ਼ਰਮਾਨ ਜਾਰੀ ਕਿ **ਵਸ਼ਤੀ** ਦੁਬਾਰਾ ਕਦੇ ਬਾਦਸ਼ਾਹ **ਦੇ ਸਨਮੁੱਖ ਕਦੀ ਨਾ ਆਵੇ;** ਉਹਦੀ **ਪਦਵੀ ਕਿਸੇ ਹੋਰ ਨੂੰ** ਦੇ ਦਿੱਤੀ ਜਾਣੀ ਸੀ **ਜਿਹੜੀ ਉਸ ਤੋਂ ਚੰਗੀ** ਹੋਣੀ ਸੀ। ਅਨੁਵਾਦ ਹੋਏ ਸ਼ਬਦ ''ਕਿਸੇ ਹੋਰ'' (*r^e'uth, ਰੇਉਥ*) ਦਾ ਮੂਲ ਅਰਥ ਉਸ ਦੀ ''ਸਾਥਣ'' ਜਾਂ ''ਗੁਆਂਢਣ'' ਹੈ। ਇਹਦਾ ਮਤਲਬ ਹੈ ਕਿ ਸ਼ਾਹੀ ਜਨਾਨਖਾਨੇ ਵਿੱਚੋਂ ਕੋਈ ਹੋਰ ਔਰਤ ਹੋਣਾ ਹੈ।

ਵਸ਼ਤੀ ਦੇ ਕੱਢੇ ਜਾਣ ਦੀਆਂ ਸ਼ਰਤਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਉਸ ਨੇ ਦੁਬਾਰਾ ਬਾਦਸ਼ਾਹ ਦੇ ''ਸਨਮੁੱਖ'' ਨਹੀਂ ਆਉਣਾ ਸੀ ਅਤੇ ਉਹਦੀ ਪਦਵੀ ''ਕਿਸੇ ਹੋਰ ਨੂੰ'' ਦੇ ਦਿੱਤੀ ਜਾਣੀ ਸੀ। ਇਨ੍ਹਾਂ ਵਿੱਚੋਂ ਕੋਈ ਵੀ ਐਲਾਨ ਇਹ ਸੰਕੇਤ ਨਹੀਂ ਦਿੰਦਾ ਕਿ ਉਹ ਨੂੰ ਬਾਦਸ਼ਾਹ ਦੇ ਹਰਮ ਜਾਂ ਜਨਾਨਖਾਨੇ ਵਿੱਚੋਂ ਕੱਢ ਦਿੱਤਾ ਜਾਣਾ ਸੀ। ਬਹੁਤੀ ਸੰਭਾਵਨਾ ਇਹ ਹੈ ਕਿ ਹੁਣ ਬਾਦਸ਼ਾਹ ਦੀ ਪ੍ਰਮੁੱਖ ਮਲਕਾ, ਭਾਵ ਉਹਦੀ ਨੰਬਰ ਇਕ ਪਤਨੀ ਦੇ ਤੌਰ ਤੇ ਉਹਦਾ ਅਹੁਦਾ ਨਹੀਂ ਰਹਿਣਾ ਸੀ, ਭਾਵੇਂ ਉਹਦੀਆਂ ਹੋਰਨਾਂ ਪਤਨੀਆਂ ਦੇ ਨਾਲ ਉਹ ਨੇ ਉਹਦੇ ਘਰ ਵਿਚ ਬਣੇ ਰਹਿਣਾ ਸੀ।

ਫ਼ਾਰਸੀਆਂ ਅਤੇ ਮਾਦੀਆਂ ਦੇ ਹੋਰਨਾਂ **ਕਾਨੂੰਨਾਂ** ਵਾਂਗ ਇਸ **ਹੁਕਮ** ਬਿਲਕੁਲ ਬਦਲਿਆ ਜਾਂ ਰੱਦਿਆ ਨਹੀਂ ਜਾ ਸਕਦਾ ਸੀ। ਮਾਦੀ ਅਤੇ ਫ਼ਾਰਸੀ ਕਾਨੂੰਨਾਂ ਦੇ ਬੇਬਦਲ ਹੋਣ ਦੀ ਗੱਲ ਦਾਨੀਏਲ 6:8, 12 ਅਤੇ 15 ਨਾਲ ਮੇਲ ਖਾਂਦੀ ਹੈ ਅਤੇ ਪਾਠਕ ਨੂੰ ਕਹਾਣੀ ਦੇ ਅਖ਼ੀਰ ਵਿਚ ਮਿਲਣ ਵਾਲੀਆਂ ਘਟਨਾਵਾਂ ਲਈ ਤਿਆਰ ਕਰਦੀ ਹੈ (8:8)।

ਆਇਤ 20. ਮਮੂਕਾਨ ਨੇ ਕਿਹਾ ਕਿ **ਪਾਤਸ਼ਾਹ ਦਾ ਹੁਕਮ** ਦਾ ਨਤੀਜਾ ਇਹ ਹੋਵੇਗਾ ਕਿ **ਸਾਰੀਆਂ** ਪਤਨੀਆਂ **ਆਪਣੇ ਪਤੀਆਂ ਦਾ ਆਦਰ** ਕਰਨਗੀਆਂ। ਇਹ ਜ਼ਿੰਦਗੀ ਵਿਚ ਆਦਮੀ ਦੀ ਹਾਲਤ ਦੇ ਬਾਵਜੂਦ ਹੋਣਾ ਸੀ ਭਾਵੇਂ ਉਹ **ਵੱਡਾ** ਹੋਵੇ ਜਾਂ **ਛੋਟਾ**।[17]

ਭਲਾ ਮਮੂਕਾਨ ਦਾ ਡਰ ਜਾਇਜ਼ ਸੀ? ਬੇਸ਼ੱਕ ਵਸ਼ਤੀ ਦਾ ਬਾਦਸ਼ਾਹ ਦਾ ਹੁਕਮ ਮੰਨਣ ਤੋਂ ਇਨਕਾਰ ਕਰਨਾ ਸਭ ਲੋਕਾਂ ਨੂੰ ਪਤਾ ਲਗ ਗਿਆ ਹੋ ਸਕਦਾ ਹੈ, ਕਿਉਂ ਜੋ ਇਹ ਆਮ ਦਾਅਵਤ ਦੌਰਾਨ ਹੋਇਆ। ਫ਼ਾਰਸੀ ਸਰਦਾਰਾਂ ਨੂੰ ਇਹ ਡਰ ਹੋਵੇਗਾ ਕਿ ਉਨ੍ਹਾਂ ਦੀਆਂ ਪਤਨੀਆਂ ਵੀ ਉਹਦੇ ਵਾਂਗ ਬਗ਼ਾਵਤ ਕਰਕੇ ਉਨ੍ਹਾਂ ਤੇ ਹਾਵੀ ਹੋ ਜਾਣਗੀਆਂ। ਮਮੂਕਾਨ ਦੀ ਦਲੀਲ ਇੱਕੀਵੀਂ ਸਦੀ ਵਿਚ ਰਹਿਣ ਵਾਲੇ ਕਿਸੇ ਨੂੰ ਹਕੀਕਤ ਲੱਗੇ ਜਾਂ ਨਾ, ਪਰ ਇਹ ਸਮਝ ਆਉਂਦਾ ਹੈ ਕਿ ਉਹਦੇ ਸੁਣਨ ਵਾਲਿਆਂ ਨੇ ਆਪਣੀ ਮਰਦਾਨਗੀ ਸਾਹਮਣੇ ਆਏ ਖ਼ਤਰੇ ਨੂੰ ਗੰਭੀਰਤਾ ਨਾਲ ਲਿਆ ਹੋਵੇਗਾ।[18]

ਮਮੂਕਾਨ ਦੇ ਸੁਝਾਅ ਵਿਚ ਜਤਾਇਆ ਗਿਆ ਪੁਰਖ ਪਰਧਾਨ ਵਿਚਾਰ ਬਾਈਬਲ ਦੇ ਮਾਨਕਾਂ (ਖ਼ਾਸ ਕਰਕੇ ਆਦਮੀ ਅਤੇ ਉਸ ਦੀ ਪਤਨੀ ਦੇ ਰਿਸ਼ਤੇ ਨਾਲ ਸਬੰਧਿਤ ਨਵੇਂ ਨੇਮ ਦੀ ਸਿੱਖਿਆ ਨਾਲ ਮਿਲਾਏ ਜਾਣ ਤੇ) ਆਧੁਨਿਕ ਆਦਰਸ਼ਾਂ ਦਾ ਉਲੰਘਣ ਕਰਦਾ ਹੈ। ਵਿਆਖਿਆਕਾਰ ਲਈ ਸਭ

ਤੋਂ ਪਹਿਲੀ ਗੱਲ, ਕਹਾਣੀ ਨੂੰ ਇਸਦੇ ਆਪਣੇ ਸੰਦਰਭ ਵਿਚ ਸਮਝਣਾ ਹੈ। ਪੰਜਵੀਂ ਸਦੀ ਈ. ਪੂ. (ਮਸੀਹ ਤੋਂ ਪਹਿਲਾਂ) ਦੇ ਫ਼ਾਰਸੀ ਸਲਤਨਤ ਦੇ ਮਾਨਕਾਂ ਦੇ ਮੁਤਾਬਕ ਫ਼ੈਸਲਾ ਦਿੱਤੇ ਜਾਣ ਤੇ, ਮਮੂਕਾਨ ਦੀ ਸਲਾਹ ਤਰਕਸੰਗਤ ਸੀ।

ਹੋਰ ਲੋਕ ਮਮੂਕਾਨ ਦੀ ਸਲਾਹ ਅਤੇ ਬਾਦਸ਼ਾਹ ਵੱਲੋਂ ਉਸਦੇ ਮੰਨੇ ਜਾਣ ਨੂੰ ਫ਼ਰਕ ਨਜ਼ਰ ਨਾਲ ਵੇਖਦੇ ਹਨ। ਪ੍ਰਾਚੀਨ ਰੱਬੀਆਂ ਦਾ ਕਹਿਣਾ ਸੀ ਕਿ ਅਕਸ਼ਰਸ਼ਹ ਦੀਆਂ ਕਾਰਵਾਹੀਆਂ ''ਵਿਚ ਸਮਝ ਦੀ ਬਿਲਕੁਲ ਘਾਟ'' ਸੀ ਅਤੇ ਅਜਿਹਾ ਫ਼ਰਮਾਨ ਜਾਰੀ ਕਰਕੇ ''ਉਸਨੇ ਆਪਣਾ ਹੀ ਮਜ਼ਾਕ ਬਣਾਇਆ।''[19] ਅਜਿਹੇ ਵਿਚਾਰ ਕਿਆਸਾਂ ਤੇ ਅਧਾਰਿਤ ਹਨ: (1) ਬਾਦਸ਼ਾਹ ਨੇ ਕਿਸੇ ਕਾਲਪਨਿਕ ਬੇਮੁੱਖਤਾ ਨੂੰ ਜ਼ਿਆਦਾ ਹੀ ਤਵੱਜੋ ਦਿੱਤੀ। ਇਹ ਬੇਤੁਕਾ ਲਗਦਾ ਹੈ ਕਿ ਵਸ਼ਤੀ ਦੇ ਵਿਹਾਰ ਨਾਲ ਹਕੂਮਤ ਦੇ ਹਰ ਪਰਿਵਾਰ ਉੱਤੇ ਲਾਗੂ ਇਕ ਬੇਬਦਲ ਕਾਨੂੰਨ ਦਾ ਐਲਾਨ ਕਰ ਦਿੱਤਾ ਜਾਵੇ। ਇਹ ਡਰ ਵੀ ਕਿ ਵਸ਼ਤੀ ਦੇ ਹੁਕਮ ਨਾ ਮੰਨਣ ਦੀ ਗੱਲ ਫੈਲ ਜਾਵੇਗੀ ਬਹੁਤ ਸਾਰੇ ਵਿਦਵਾਨਾਂ ਨੂੰ ਬੇਤੁਕੀ ਲਗਦਾ ਹੈ। (2) ਕਾਲਪਨਿਕ ਮੁਸ਼ਕਿਲ ਦਾ ਹੱਲ ਮੂਰਖ ਅਤੇ ਨਾ ਲਾਗੂ ਕਰਵਾਉਣ ਯੋਗ ਸੀ। ਬਾਦਸ਼ਾਹ ਅਜਿਹਾ ਕਾਨੂੰਨ ਕਿਵੇਂ ਲਾਗੂ ਕਰ ਸਕਦਾ ਸੀ ਜਿਹੜਾ ਪਤੀਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਵਿਚਕਾਰ ਨਿੱਜੀ ਸਬੰਧ ਉੱਤੇ ਲਾਗੂ ਹੁੰਦਾ ਹੋਵੇ?

ਹੁਕਮ ਜਾਰੀ ਹੋਇਆ (1:21, 22)

[21]ਤਾਂ ਇਹ ਗੱਲ ਪਾਤਸ਼ਾਹ ਨੂੰ ਅਤੇ ਸਰਦਾਰਾਂ ਨੂੰ ਚੰਗੀ ਲਗੀ ਤਾਂ ਪਾਤਸ਼ਾਹ ਨੇ ਮਮੂਕਾਨ ਦੇ ਕਹੇ ਅਨੁਸਾਰ ਕੀਤਾ [22]ਤਾਂ ਉਸ ਨੇ ਪਾਤਸ਼ਾਹ ਦੇ ਸਾਰੇ ਸੁਬਿਆਂ ਵਿਚ ਸੂਬੇ ਸੂਬੇ ਦੀ ਲਿਖਤ ਅਨੁਸਾਰ ਅਤੇ ਉੱਮਤ ਉੱਮਤ ਦੀ ਬੋਲੀ ਅਨੁਸਾਰ ਪੱਤਰ ਘੱਲੇ ਕਿ ਹਰ ਮਨੁੱਖ ਆਪਣੇ ਘਰ ਉੱਤੇ ਹਕੂਮਤ ਕਰੇ ਅਤੇ ਆਪਣੀ ਉੱਮਤ ਦੀ ਬੋਲੀ ਵਿਚ ਇਸ ਦਾ ਪਰਚਾਰ ਕਰੇ।

ਆਇਤਾਂ 21, 22. 483 ਈ.ਪੂ. ਤੋਂ ਪਹਿਲਾਂ ਸ਼ੂਸ਼ਨ ਦੇ ਲੋਕਾਂ ਨੂੰ ਬਾਦਸ਼ਾਹ ਦੀ ਕਾਰਵਾਹੀ ਨਾ ਸਿਰਫ਼ ਤਰਕਸੰਗਤ ਬਲਕਿ ਜ਼ਰੂਰੀ ਵੀ ਲੱਗੀ ਹੋਵੇਗੀ। ਅਹਸ਼ਵੇਰੋਸ਼ ਅਤੇ ਉਸ ਦੇ **ਸਰਦਾਰਾਂ** ਨੂੰ ਮਮੂਕਾਨ ਦੀ ਸਲਾਹ ਵਧੀਆ ਲੱਗੀ। ਇਸ ਕਰਕੇ ਬਾਦਸ਼ਾਹ ਦੇ ਨਾਂਅ ਤੇ ਹੁਕਮ ਜਾਰੀ ਹੋਏ, ਅਤੇ ਇਸ ਨੂੰ ਪੂਰੇ ਰਾਜ ਵਿਚ **ਸਾਰੇ ਸੂਬਿਆਂ ਵਿਚ** ਜਾਰੀ ਕਰ ਦਿੱਤਾ ਗਿਆ। **ਸੂਬੇ ਸੂਬੇ ਦੀ ਬੋਲੀ** ਅਤੇ **ਲਿਖਤ** ਦੇ ਮੁਤਾਬਕ ਦਸਤਾਵੇਜ਼ ਲਿਖ ਕੇ ਥਾਂ ਥਾਂ ਘੱਲ ਦਿੱਤੇ ਗਏ। ਐਨੀ ਵਿਆਪਕ ਵੰਡ ਤੋਂ ਕਾਰਗਰ ਡਾਕ ਪ੍ਰਬੰਧ ਦਾ ਪਤਾ ਲਗਦਾ ਹੈ ਜੋ ਕਿ ਫ਼ਾਰਸੀ ਸਲਤਨਤ ਦੀ ਪਛਾਣ ਸੀ;[20] ਇਸ ਪ੍ਰਬੰਧ ਦੇ ਕਾਰਗਰ ਹੋਣ ਦੀ ਗੱਲ ਕਿਤਾਬ ਵਿਚ ਅੱਗੇ ਫੇਰ ਕੀਤੀ ਗਈ ਹੈ (3:13, 15; 8:10, 14)। ਬਾਦਸ਼ਾਹ ਦਾ ਫ਼ਰਮਾਨ ਸੀ ਕਿ **ਹਰ ਮਨੁੱਖ ਆਪਣੇ ਘਰ ਉੱਤੇ ਹਕੂਮਤ ਕਰੇ**। ਇਹਦਾ ਮਤਲਬ ਇਹ ਹੋਣਾ ਸੀ ਕਿ ਕਿਸੇ ਵੀ ਪਤਨੀ ਲਈ ਆਪਣੇ ਪਤੀ ਦਾ ਹੁਕਮ ਤੋੜਨਾ ਜਿਵੇਂ ਵਸ਼ਤੀ ਨੇ ਅਹਸ਼ਵੇਰੋਸ਼ ਦਾ ਹੁਕਮ ਤੋੜਿਆ ਸੀ, ਕਾਨੂੰਨ ਦਾ ਵਿਰੋਧ ਸੀ।

ਹੁਕਮਨਾਮੇ ਦਾ ਦੂਜਾ ਹਿੱਸਾ ਸਮਝਣਾ ਔਖਾ ਹੈ ਕਿਉਂ ਜੋ **ਆਪਣੀ ਉੱਮਤ ਦੀ ਬੋਲੀ ਵਿਚ** ਦਾ ਅਰਥ ਸਪੱਸ਼ਟ ਨਹੀਂ ਹੈ। NRSV ਵਿਚ ਇਸ ਵਾਕ ਅੰਸ਼ ਨੂੰ ਛੱਡ ਦਿੱਤਾ ਗਿਆ ਹੈ ਅਤੇ ਇਕ ਟਿੱਪਣੀ ਜੋੜੀ ਗਈ ਹੈ। ਇਹਦੀ ਵਿਆਖਿਆ ਇਹ ਅਰਥ ਦੇਣ ਲਈ ਕੀਤੀ ਗਈ ਹੈ ਕਿ (1) ਆਦਮੀ ਆਪਣੇ ਘਰ ਵਿਚ ਆਪਣੀ ਮਾਤ ਭਾਸ਼ਾ ਵਾਲੀ ਬੋਲੀ ਬੋਲੇ (RSV; NJPSV), ਖ਼ਾਸ ਕਰਕੇ ਜੇ ਉਹਦੀ ਪਤਨੀ ਵਿਦੇਸ਼ੀ ਹੈ, ਜਾਂ (2) ਬਾਦਸ਼ਾਹ ਦਾ ਹੁਕਮ ਹਰ ਤਰ੍ਹਾਂ ਦੇ ਲੋਕਾਂ ਦੀ ਮਾਤਭਾਸ਼ਾ ਵਿਚ ਸੁਣਾਇਆ ਜਾਵੇ (KJV; NIV)। LXX ਵਿਚ ਹੈ ''ਤਾਂ ਜੋ ਆਦਮੀਆਂ ਦਾ ਆਪੋ ਆਪਣੇ ਘਰਾਂ

ਵਿਚ ਡਰ ਹੋਵੇ।''[21]

ਅਧਿਆਇ ਦੇ ਅਖ਼ੀਰ ਵਿਚ, ਸ਼ਕਤੀਸ਼ਾਲੀ ਬਾਦਸ਼ਾਹ ਅਹਸ਼ਵੇਰੋਸ਼ ਥੋੜ੍ਹਾ ਤਰਸਯੋਗ ਹਾਲਤ ਵਿਚ ਲਗਦਾ ਹੈ। ਮੂਰ ਨੇ ''ਸ਼ਕਤੀਸ਼ਾਲੀ ਬਾਦਸ਼ਾਹ, ਮੈ ਨਾਲ ਮਸਤ, ਆਪਣੀ ਰਾਣੀ ਵੱਲੋਂ ਲਲਕਾਰੇ ਗਏ ਅਤੇ ਆਪਣੇ ਦੋਸਤਾਂ ਵੱਲੋਂ ਗਲਤ ਸਲਾਹ ਦਿੱਤੇ ਗਏ ਅਕਸ਼ਰਸ਼ ਦੀ ਦਿਲਕਸ਼ ਸ਼ਖ਼ਸੀਅਤ'' ਦੀ ਗੱਲ ਕੀਤੀ ਹੈ। ''ਅਕਸ਼ਰਸ਼ ਨੂੰ ਬੁਰੀ ਤਰ੍ਹਾਂ ਨਾਲ ਚੰਗੇ ਜੀਵਨ ਸਾਥੀ ਦੀ ਲੋੜ ਹੈ।''[22] ਇਹ ਲੋੜ ਅਗਲੇ ਅਧਿਆਇ ਵਿਚ ਪੂਰੀ ਕੀਤੀ ਜਾਵੇਗੀ।

ਪ੍ਰਾਸੰਗਿਕਤਾ

ਭਲਾ ਮਸੀਹੀ ਔਰਤਾਂ ਲਈ ਵਸ਼ਤੀ ਦੀ ਉਦਾਹਰਣ ਵਰਤੀ ਜਾਣੀ ਚਾਹੀਦੀ ਹੈ? (ਅਧਿਆਇ 1)

ਅੱਜ ਵਸ਼ਤੀ ਨੂੰ ਆਮ ਤੌਰ ਤੇ ਮਸੀਹੀ ਲੋਕਾਂ ਲਈ ਇਕ ਚੰਗੀ ਮਿਸਾਲ ਦੇ ਤੌਰ ਤੇ ਵੇਖਿਆ ਜਾਂਦਾ ਹੈ। ਸੀ. ਰੂਬਨ ਐਂਡਰਸਨ ਨੇ ਲਿਖਿਆ ਹੈ, ''ਰਾਣੀ ਵਸ਼ਤੀ ਜੋ ਸਹੀ ਸੀ ਉਹਦੇ ਲਈ ਡਟ ਕੇ ਖਲੋਣ ਵਾਲਿਆਂ ਲਈ ਇਕ ਮਿਸਾਲ ਸੀ ਭਾਵੇਂ ਉਹਦੇ ਨਾਲ ਜੋ ਮਰਜ਼ੀ ਹੋ ਜਾਵੇ। ਉਹ ਆਪਣੇ ਆਪ ਵਿਚ ਸੱਚੀ ਸੀ ਅਤੇ ਸਭ ਔਰਤਾਂ ਲਈ ਮਾਣ ਅਤੇ ਨਮੂਨਾ ਸੀ।''[23]

ਖ਼ਾਸ ਤੌਰ ਤੇ ਵਸ਼ਤੀ ਨੂੰ ਮਸੀਹੀ ਔਰਤਾਂ ਲਈ ਮਰਿਆਦਾ ਦੇ ਸਬੰਧ ਵਿਚ ਨਮੂਨੇ ਦੇ ਤੌਰ ਤੇ ਵਰਤਿਆ ਗਿਆ ਹੈ ਕਿਉਂ ਜੋ ਉਸ ਨੇ ਸ਼ਰਾਬੀਆਂ ਦੀ ਵੱਡੀ ਭੀੜ ਦੇ ਸਾਹਮਣੇ ਆਪਣੀ ਨੁਮਾਇਸ਼ ਲਾਉਣ ਤੋਂ ਇਨਕਾਰ ਕਰ ਦਿੱਤਾ (ਸ਼ਾਇਦ ''ਬੇਸ਼ਰਮੀ ਵਾਲੇ ਲਿਬਾਸ'' ਵਿਚ) ਅਸਲ ਵਿਚ ਉਸ ਨੂੰ ਇਸ ਮਿਸਾਲ ਦੇ ਤੌਰ ਤੇ ਵੇਖਿਆ ਜਾਂਦਾ ਹੈ ਕਿ ਭਾਵੇਂ ਪਤਨੀਆਂ ਲਈ ਆਪੋ ਆਪਣੇ ਪਤੀਆਂ ਦਾ ਹੁਕਮ ਮੰਨਣਾ ਜ਼ਰੂਰੀ ਹੈ, ਪਰ ਜੇ ਪਤੀਆਂ ਦੀ ਬੇਨਤੀ ਬੇਤੁਕੀ ਜਾਂ ਬਦਕਾਰੀ ਭਰੀ ਹੈ ਤਾਂ ਉਨ੍ਹਾਂ ਦਾ ਹੁਕਮ ਨਾ ਮੰਨਣਾ ਮਸੀਹੀ ਔਰਤਾਂ ਲਈ ਸਹੀ ਹੈ।[24]

ਅਜਿਹੀ ਵਿਆਖਿਆ ਲਈ ਭਾਵੇਂ ਸਕਾਰਾਤਮਕ ਕੁਝ ਨਾ ਕੁਝ ਕਿਹਾ ਜਾ ਸਕਦਾ ਹੈ ਪਰ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਲਹਾਮ ਪ੍ਰਾਪਤ ਲੇਖਕ ਨੇ ਉਸ ਦੇ ਕੰਮਾਂ ਲਈ ਨਾ ਤਾਂ ਉਹ ਨੂੰ ਪ੍ਰਵਾਨਗੀ ਦਿੱਤੀ ਅਤੇ ਨਾ ਓਹ ਨੂੰ ਨਕਾਰਿਆ। ਉਸ ਦੀ ਹਾਲਤ ਅੱਜ ਦੀਆਂ ਮਸੀਹੀ ਔਰਤਾਂ ਦੀ ਹਾਲਤ ਨਾਲੋਂ ਬਹੁਤ ਫ਼ਰਕ ਹੈ। ਉਹ ਇਕ ਫ਼ਰਕ ਸਮੇਂ ਅਤੇ ਸਥਾਨ ਵਿਚ ਰਹਿੰਦੀ ਸੀ। ਹੋਰ ਵੀ ਅਹਿਮ ਇਹ ਹੈ ਕਿ ਉਹ ਇਕ ਰਾਣੀ ਅਤੇ ਫ਼ਾਰਸੀ ਬਾਦਸ਼ਾਹ ਦੇ ਹਰਮ (ਜਨਾਨਖਾਨੇ) ਦੀ ਪ੍ਰਮੁੱਖ ਪਤਨੀ (ਸੰਭਵ ਤੌਰ ਤੇ ਕਈਆਂ ਵਿੱਚੋਂ) ਸੀ। ਜੇ ਸਾਨੂੰ ਇਹ ਸਮਝਣ ਵਿਚ ਮਦਦ ਲਈ ਕਿ ਮਸੀਹੀ ਔਰਤਾਂ ਦਾ ਵਿਹਾਰ ਕਿਹੋ ਜਿਹਾ ਹੋਵੇ, ਵਸ਼ਤੀ ਨੂੰ ਵਰਤਣਾ ਸਹੀ ਵੀ ਹੁੰਦਾ ਤਾਂ ਵੀ ਇਨ੍ਹਾਂ ਫ਼ਰਕਾਂ ਨਾਲ ਸਾਨੂੰ ਅਜਿਹਾ ਕਰਨ ਤੋਂ ਪਹਿਲਾਂ ਦੋ ਵਾਰ ਸੋਚ ਲੈਣਾ ਚਾਹੀਦਾ ਹੈ।

ਬਾਈਬਲ ਨਾ ਤਾਂ ਵਸ਼ਤੀ ਦੀ ਗੱਲ ਕਰਦੀ ਹੈ ਅਤੇ ਨਾਅ ਉਹਨੂੰ ਗਲਤ ਆਖਦੀ ਹੈ, ਇਸ ਕਰਕੇ ਉਸ ਦੇ ਕੰਮਾਂ ਦੇ ਸਹੀ ਜਾਂ ਗਲਤ ਹੋਣ ਦਾ ਸਾਡਾ ਕੋਈ ਵੀ ਪੱਕਾ ਫ਼ੈਸਲਾ ਸਹੀ ਨਹੀਂ ਹੈ। ਇਸ ਵਿਰਤਾਂਤ ਦਾ ਮਕਸਦ ਪਾਠਕਾਂ ਨੂੰ ਇਹ ਦੱਸਣਾ ਨਹੀਂ ਹੈ ਕਿ ਰਾਣੀਆਂ (ਜਾਂ ਹੋਰਨਾਂ ਔਰਤਾਂ) ਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ, ਬਲਕਿ ਇਸ ਮੌਕੇ ਤੇ ਯਹੂਦੀਆਂ ਨੂੰ ਬਚਾਉਣ ਦੀ ਕਹਾਣੀ ਨੂੰ ਜੋੜਨਾ ਹੈ।

ਨਵਾਂ ਨੇਮ ਹੀ ਦੱਸਦਾ ਹੈ ਕਿ ਔਰਤਾਂ ਦਾ ਆਪਣੇ ਪਤੀਆਂ ਨਾਲ ਸਬੰਧ ਕਿਵੇਂ ਹੋਵੇ। ਇਹ ਦੱਸਦਾ ਹੈ ਕਿ ਪਤਨੀ ਆਪਣੇ ਪਤੀ ਦਾ ਹੁਕਮ ਮੰਨੇ (ਅਫ਼ਸੀਆਂ 5:22−24, 33; 1 ਪਤਰਸ 3:1−6)। ਉਸ ਤੋਂ ਇਹ ਸ਼ਰਤ ਪੂਰਾ ਕੀਤੇ ਜਾਣ ਦੀ ਉਮੀਦ ਤਦੇ ਕੀਤੀ ਜਾਂਦੀ ਹੈ ਜੇ ਉਸ ਦਾ ਪਤੀ ਉਸ ਤੋਂ ਕੁਝ ਗਲਤ ਕਰਵਾਉਣਾ ਚਾਹੇ (ਵੇਖੋ ਕਰਤੱਬ 5:29)। ਅਸੀਂ ਜਾਣਦੇ ਹਾਂ ਕਿ ਮਸੀਹੀ ਔਰਤ ਲਈ

''ਸੁਹਾਉਣੀ ਪੋਸ਼ਾਕ'' (1 ਤਿਮੋਥਿਉਸ 2:9; KJV) ਪਹਿਨਣੀ ਜਾਂ ''ਆਪਣੇ ਆਪ ਨੂੰ ਲਾਜ ਅਤੇ ਸੰਜਮ ਸਹਿਤ ਆਪਣੇ ਆਪ ਨੂੰ ਸਹਾਉਣੀ ਪੌਸ਼ਾਕ ਨਾਲ ਸੁਆਰਨਾ'' ਜ਼ਰੂਰੀ ਹੈ।

ਸ਼ਰਾਬੀ ਹੋਣ ਦੇ ਨਤੀਜੇ (ਅਧਿਆਇ 1)

ਅਧਿਆਇ 1 ਵਿਚ ਅਹਸ਼ਵੇਰੋਸ਼ ਅਤੇ ਵਸ਼ਤੀ ਦੀ ਉਦਾਹਰਣ ਨੂੰ ਸ਼ਰਾਬੀ ਹੋਣ ਦੇ ਨਤੀਜਿਆਂ ਨੂੰ ਸਮਝਾਉਣ ਲਈ ਵਰਤਿਆ ਜਾ ਸਕਦਾ ਹੈ, ਖ਼ਾਸ ਕਰਕੇ ਇਸ ਲਈ ਕਿਉਂ ਜੋ ਲਗਦਾ ਹੈ ਕਿ ਬਾਅਦ ਵਿਚ ਬਾਦਸ਼ਾਹ ਨੂੰ ਆਪਣੀ ਰਾਣੀ ਦੇ ਗੱਦੀਉਂ ਲਾਹੇ ਜਾਣ ਦਾ ਅਫ਼ਸੋਸ ਹੋਇਆ (2:1)। ਐਂਡਰਸਨ ਨੇ ਕਿਹਾ ਹੈ ਕਿ ਕਹਾਣੀ ਨਸ਼ੇ ਦੇ ਨਤੀਜੇ ਦੱਸਦੀ ਹੈ।[25]

1. ''ਨਸ਼ਾ ਸਿਆਣਪ ਭਰਿਆ ਫ਼ੈਸਲਾ ਖ਼ਰਾਬ ਕਰ ਦਿੰਦਾ ਹੈ।'' ਰਾਣੀ ਨੂੰ ਸ਼ਰਾਬੀਆਂ ਅੱਗੇ ਲਿਆਉਣਾ ''ਫ਼ਾਰਸੀ ਮਰਿਆਦਾ ਅਤੇ ਸਿਸ਼ਟਾਚਾਰ ਦੇ ਸਹੀ ਢੰਗ ਨਾਲ ਮਨਾਏ ਜਾਣ ਦਾ ਪੂਰੀ ਤਰ੍ਹਾਂ ਨਾਲ ਅਨਾਦਰ ਸੀ। ਆਪਣੀ ਹੋਸ਼ ਵਿਚ *[ਬਾਦਸ਼ਾਹ ਨੇ]* ਕਦੇ ਅਜਿਹਾ ਧੱਕਾ ਕਰਨ ਦਾ ਸੋਚਣਾ ਵੀ ਨਹੀਂ ਸੀ।''

2. ''ਨਸ਼ਾ ਸ਼ਰਮਿੰਦਗੀ ਦਾ ਸਬੱਬ ਹੈ।'' ਵਸ਼ਤੀ ਲਈ ''ਬਾਦਸ਼ਾਹ ਦਾ ਹੁਕਮ ਮੰਨਣਾ ਰਾਣੀ ਦੀ ਖੁੱਲ੍ਹੇਆਮ ਬੇਇੱਜ਼ਤੀ ਹੋਣਾ ਸੀ।''

3. ''ਨਸ਼ਾ ਪਛਤਾਵੇ ਦਾ ਕਾਰਣ ਬਣਦਾ ਹੈ।'' ਜਦ ਬਾਦਸ਼ਾਹ ਅਸ਼ਹਵੇਰੋਸ਼ ਸੋਫੀ ਸੀ ਤਾਂ ਉਸ ਨੇ ਆਪਣੀ ਰਾਣੀ ਨਾਲ ਕੀਤੇ ਅਪਰਾਧ ਤੇ ਵਿਚਾਰ ਕੀਤਾ (2:1); ਪਰ ਉਹਦੇ ਘਮੰਡ ਅਤੇ ਰੁਤਬੇ ਨੇ ਓਹ ਨੂੰ ਉਹ ਪਲਟਨ ਨਾ ਦਿੱਤਾ ਸੀ ਜੋ ਉਸ ਨੇ ਆਪਣੇ ਸ਼ਰਾਬੀ ਹੋਣ ਦੀ ਹਾਲਤ ਵਿਚ ਕੀਤਾ। ਅਲਕੋਹਲ ਦੀ ਵਰਤੋਂ ਆਮ ਤੌਰ ਅਜਹੀਆਂ ਗੱਲਾਂ ਅਤੇ ਕੰਮ ਕਰਵਾ ਦਿੰਦੀ ਹੈ ਜੋ ਅਜਿਹਾ ਨੁਕਸਾਨ ਕਰਦਾ ਹੈ ਕਿ ਉਹਦੀ ਭਰਪਾਈ ਨਹੀਂ ਹੋ ਸਕਦੀ।

ਜੀਵਨ ਦਾ ਅਭਮਾਨ (1:3, 4)

ਰਸੂਲ ਯੂਹੰਨਾ ਨੇ ਲਿਖਿਆ, ''ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ'' (1 ਯੂਹੰਨਾ 2:16)। ਅਸਤਰ 1:3, 4 ਵਿਚ ਅਸ਼ਹਵੇਰੋਸ਼ ''ਜੀਵਨ ਦਾ ਅਭਿਮਾਨ'' ਦੀ ਸਭ ਤੋਂ ਬੁਰੀ ਉਦਾਹਰਣ ਦਿੰਦਾ ਹੈ: ''ਉਸ ਨੇ ਆਪਣੇ ਰਾਜ ਦੇ ਤੀਸਰੇ ਵਰ੍ਹੇ ਆਪਣਿਆਂ ਸਾਰਿਆਂ ਸਰਦਾਰਾਂ ਅਤੇ ਟਹਿਲੂਆਂ ... ਦੀ ਦਾਉਤ ਕੀਤੀ। ਉਸ ਨੇ ... ਆਪਣੀ ਪਰਤਾਪਵਾਲੀ ਪਾਤਸ਼ਾਹਤ ਦਾ ਧਨ ਅਤੇ ਆਪਣੀ ਵਡਿਆਈ ਦੇ ਬਹੁਮੁੱਲੇ ਪਦਾਰਥ ਉਨ੍ਹਾਂ ਨੂੰ ਵਿਖਾਏ।''

ਕਿਤਾਬ ਦੇ ਲੇਖਕ ਨੇ ਭਾਵੇਂ ਬਾਦਸ਼ਾਹ ਦੇ ਇਸ ਪ੍ਰਦਰਸ਼ਨ ਲਈ ਉਹਦੀ ਨਿੰਦਿਆ ਨਹੀਂ ਕੀਤੀ (ਅਤੇ ਪਾਠਕ ਨੂੰ ਕਿਸੇ ਬੁੱਤਪ੍ਰਸਤ ਬਾਦਸ਼ਾਹ ਤੋਂ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਵਿਅਕਤੀ ਵਾਲਾ ਵਿਹਾਰ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ), ਆਪਣੇ ਕਬਜ਼ੇ ਹੇਠ ਚੀਜ਼ਾਂ ਦੇ ਅਧਾਰ ਤੇ ਅਹਸ਼ਵੇਹੋਸ਼ ਦੀ ਪ੍ਰਤਾਪ ਦੀ ਇੱਛਾ ਹੀ ਉਹ ਇੱਛਾ ਹੈ ਜਿਸ ਤੋਂ 1 ਯੂਹੰਨਾ 2:16 ਵਿਚ ਮਸੀਹੀ ਲੋਕਾਂ ਨੂੰ ਖ਼ਬਰਦਾਰ ਕੀਤਾ ਗਿਆ ਹੈ (ਵੇਖੋ ਲੂਕਾ 8:14)।

ਬਾਈਬਲ ਜਦ ਅਜਿਹੇ ਘਮੰਡ ਦੀ ਗੱਲ ਕਰਦੀ ਹੈ ਤਾਂ ਆਮ ਤੌਰ ਤੇ ਇਹ ਨਕਾਰਾਤਮਕ ਅਨੁਭਵਾਂ ਦੀਆਂ ਉਦਾਹਰਣਾਂ ਜੋੜ ਦਿੰਦੀ ਹੈ। ਆਪਣੀ ਦੌਲਤ ਦਾ ਪ੍ਰਦਰਸ਼ਨ ਕਰਨ ਤੋਂ ਬਾਅਦ, ਅਹਸ਼ਵੇਰੋਸ਼ ਪਰੇਸ਼ਾਨ ਸੀ ਕਿਉਂ ਜੋ ਉਹ ਆਪਣੀ ਪਤਨੀ ਨੂੰ ਵੱਸ ਵਿਚ ਨਹੀਂ ਰੱਖ ਸਕਿਆ। ਜਦ ਹਿਜ਼ਕਿਯਾਹ ਨੇ ਬਾਬਲ ਦੇ ਏਲਚੀਆਂ ਦੇ ਸਾਹਮਣੇ ਆਪਣੇ ਰਾਜ ਦੀ ਦੌਲਤ ਦਾ ਪ੍ਰਦਰਸ਼ਣ ਬੜੇ ਮਾਣ ਨਾਲ ਕੀਤਾ, ਤਾਂ ਨਬੀ ਨੇ ਉਸਦੇ ਰਾਜ ਦੇ ਅੰਤ ਦੀ ਨਬੂਵਤ ਕਰ ਦਿੱਤੀ (2 ਰਾਜਿਆਂ 20:12–19)।

ਜਦ ਉਜ਼ੀਯਾਹ ਬਾਦਸ਼ਾਹ ''ਤਕੜਾ ਹੋ ਗਿਆ ਤਾਂ ਉਹਦਾ ਦਿਲ ਐਨਾ ਹੰਕਾਰਿਆ ਗਿਆ ਕਿ ਉਹ ਵਿਗੜ ਗਿਆ'' ਜਿਸ ਕਰਕੇ ਉਹ ਨੂੰ ਕੋੜ੍ਹ ਹੋ ਗਿਆ (2 ਇਤਹਾਸ 26:16–21)। ਨਵੇਂ ਨੇਮ ਵਿਚ ਅਸੀਂ ਪੜ੍ਹਦੇ ਹਾਂ ਕਿ ਹੇਰੋਦੇਸ ਵੱਲੋਂ ਇਕ ਭਾਸ਼ਣ ਦਿੱਤੇ ਜਾਣ ਤੋਂ ਬਾਅਦ ਭੀੜ ਦੇ ਲੋਕਾਂ ਵੱਲੋਂ ਉਹਦੀ ਤਾਰੀਫ਼ ਕੀਤੇ ਜਾਣ ਤੋਂ ਬਾਅਦ ਉਹ ''ਕੀੜੇ ਪੈ ਕੇ ਮਰ ਗਿਆ'' ਕਿਉਂ ਜੋ ਉਹ ਨੇ ਖ਼ੁਦਾ ਨੂੰ ਵਡਿਆਈ ਨਹੀਂ ਦਿੱਤੀ ਸੀ (ਕਰਤੱਬ 12:20–23)।

ਇਹ ਸਭ ਉਦਾਹਰਣਾ ਬੁੱਧਵਾਨ ਦੀ ਗੱਲ ਨੂੰ ਸਾਬਿਤ ਕਰਦੀਆਂ ਹਨ, ''ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘਮੰਡ ਰੂਹ ਹੁੰਦੀ ਹੈ'' (ਕਹਾਉਤਾਂ 16:18)। ਇਹ ਅੱਜ ਦੇ ਮਸੀਹੀ ਲੋਕਾਂ ਨੂੰ ਵੀ ''ਜੀਵਨ ਦੇ ਅਭਿਮਾਨ'' ਦਾ ਸਾਹਮਣਾ ਕਰਨ ਦੀ ਚੁਣੌਤੀ ਦਿੰਦੀਆਂ ਹਨ।

ਟਿੱਪਣੀਆਂ

[1]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇਅ ਐਂਡ ਕੰ., 1971), 3. [2]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਲਿਏਂਡਰ ਈ. ਕੇਕ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1999), 3:878 ਵਿਚ ਸਿਡਨੀ ਵ੍ਹਾਈਟ ਕ੍ਰਾਫੋਰਡ, ''ਅਸਤਰ।'' [3]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1988), 4:475 ਵਿਚ ਹੇਰੋਦੋਤਸ *ਹਿਸਟਰੀਜ਼* 3.89–94; ਵੇਖੋ ਰੌਇ ਈ. ਹੇਡਨ, ''ਸੈਟਰੈਪ।'' [4]ਵੇਖੋ ਅਸਤਰ 4:10, 11, 16, 17, 20; 5:3, 6; 6:6, 8, 13; 7:25; 8:36; ਨਹਮਯਾਹ 2:7, 9; 3:7. [5]ਜੌਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1984), 57. [6]ਵੇਖੋ ਹੇਰੋਦੋਤਸ *ਹਿਸਟਰੀਜ਼* 7.20. [7]ਜ਼ੀਨੋਫੋਨ *ਸਾਈਰੋਪੀਡੀਆ* 8.8.9–10; ਹੇਰੋਦੋਤਸ *ਹਿਸਟਰੀਜ਼* 1.133. [8]ਜੋਸੇਫ਼ਸ *ਐਂਟਿਕੁਇਟੀਜ਼* 11.6.1. [9]ਬਾਲਡਵਿਨ, 58–59. [10] ਹੇਰੋਦੋਤਸ *ਹਿਸਟਰੀਜ਼* 5.18.

[11]ਵੱਖ ਵੱਖ ਸੰਭਾਵਨਾਵਾਂ ਲਈ, ਵੇਖੋ ਮਾਰਕ ਮੈਂਗਾਨੋ, *ਅਸਤਰ ਐਂਡ ਦਾਨੀਏਲ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 44–45. [12]ਫੋਏ ਐੱਲ. ਸਮਿਥ ਨੇ ਉਸ ਨੂੰ ''ਇਕ ਨੇਕ ਰਾਣੀ ਦੱਸਿਆ ਜਿਸਨੇ 'ਨਾਂਹ!''' ਕਿਹਾ (ਫੋਏ ਐੱਲ. ਸਮਿਥ, *''ਬਿਊਟੀਫੁਲ ਤਾਰਾ'': ਏ ਸਟੱਡੀ ਆਫ਼ ਦ ਬੁਕ ਆਫ਼ ਅਸਤਰ [*ਰਿਵਰਸਾਈਡ, ਕੈਲੀਫ਼ੋਰਨੀਆ: ਫੋਏ ਐੱਲ. ਸਮਿਥ ਪਬਲੀਕੇਸ਼ੰਜ਼, ਮਿਤੀ ਰਹਿਤ*]*, 13)। ਪਰ ਹੋਰ ਲੋਕ ਵਸ਼ਤੀ ਦੇ ਇਨਕਾਰ ਬਾਰੇ ਐਨੇ ਸਕਾਰਾਤਮਕ ਨਹੀਂ ਰਹੇ ਹਨ। ਮਾਈਕਲ ਵੀ. ਫੋਕਸ ਨੇ ਕਿਹਾ ਕਿ ''ਕੁਝ ਮੁੱਢਲੇ ਯਹੂਦੀ ਵਿਆਖਿਆਕਾਰਾਂ ਦਾ ਵਿਚਾਰ ਸੀ ਕਿ ਅਸਤਰ ਦਾ ਲੇਖਕ … ਵਸ਼ਤੀ ਨੂੰ ਵੈਰਭਾਵ ਨਾਲ ਵੇਖਦਾ ਸੀ, ਕਿਉਂ ਜੋ ਉਹ ਆਪ ਅਜਿਹਾ ਕਰਦੇ ਸਨ।'' ਉਦਾਹਰਣ ਲਈ ਉਹ ਉਸ ਦੇ ਇਨਕਾਰ ਨੂੰ ਉੱਚੇ ਕਿਰਦਾਰ ਦੀ ਥਾਂ ਸ਼ਰਮ ਨਾਲ ਜੋੜਦੇ ਸਨ। (ਮਾਈਕਲ ਵੀ. ਫੋਕਸ, *ਕਰੈਕਟਰ ਐਂਡ ਆਇਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ *[*ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001*]*, 164–65.) ਕੁਝ ਹੋਰ ਆਧੁਨਿਕ ਵਿਆਖਿਆਕਰਤਾਵਾਂ ਨੇ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਦਾ ਮੰਨਣਾ ਸੀ ਕਿ ਵਸ਼ਤੀ ਦਾ ਇਨਕਾਰ ''ਨਿਰੀ ਸਨਕ'' ਸੀ (ਲੁਈਸ ਬੇਲਸ ਪੈਟਨ, *ਦ ਬੁਕ ਆਫ਼ ਅਸਤਰ*, ਦ ਇੰਟਰਨੈਸ਼ਨਲ ਕ੍ਰਿਟਿਕਲ ਕਮੈਂਟਰੀ *[*ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1908*]*, 150)। [13]*ਅਸਤਰ* ਰੱਬਾਹ 3.13; ਟਾਲਮੁਡ *ਮੇਗਿਲਾ* 12ਬੀ. [14]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਸਤਰ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 256. ਅਮੇਸਟ੍ਰਿਸ (ਜੋ ਕਿ ਵਸ਼ਤੀ ਹੋ ਸਕਦੀ ਹੈ) ਨੇ 483 ਈ.ਪੂ. ਵਿਚ ਅਰਕਸ਼ਰਕਸ਼ਸ ਪਹਿਲੇ ਨੂੰ ਜਨਮ ਦਿੱਤਾ; 465 ਈ.ਪੂ. ਦੇ ਨੇੜੇ ਤੇੜੇ ਉਹ ਸਲਤਨਤ ਦਾ ਹਾਕਮ

ਬਣਿਆ। [15]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਂਉਂਡ ਕਮੈਂਟਰੀ*, ਜਿਲਦ 3, *1 ਐਂਡ 2 ਰਾਜਿਆਂ, 1 ਐਂਡ 2 ਇਤਹਾਸ, ਅਸਤਰ, ਨਹਮਯਾਹ, ਅਸਤਰ*, ਸੰਪਾ. ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2009), 479 ਵਿਚ ਐਂਥਨੀ ਟੋਮਾਸੀਨੋ, ''ਅਸਤਰ।'' [16]ਕਲੇਟਨ ਵਿੰਟਰਜ਼ ਇਸ ਘਟਨਾ ਨੂੰ ''ਸ਼ਰਾਬੀ ਪਤੀ ਦੀ ਬੇਨਤੀ ਦਾ ਇਕ ਪਤਨੀ ਵੱਲੋਂ ਇਨਕਾਰ ਜਿਹੜੀ ਬਹੁਤ ਦੇਰ ਤਕ ਵਾਈਨ ਦੀ ਉਡੀਕ ਵੀ ਕਰਦੀ ਰਹੀ'' (ਕਲੇਟਨ ਵਿੰਟਰਜ਼, *ਕਮੈਂਟਰੀ ਆਨ ਅਸਤਰ–ਨਹਮਯਾਹ–ਅਸਤਰ* [ਅਬਿਲੇਨ, ਟੈਕਸਸ: ਕੁਆਲਟੀ ਪਬਲੀਕੇਸ਼ੰਜ਼, 1991], 163)। [17]ਇਹ ਭਾਸ਼ਾ 1:5 ਵਿਚ ਮਿਲਦੀ ਹੈ: ''ਕੀ ਵੱਡਾ ਕੀ ਛੋਟਾ।'' [18]ਬਹੁਤ ਸਾਰੇ ਟੀਕਾਕਰਾਂ ਦੇ ਵਿਰੁੱਧ ਮਿੰਟਰਸ ਨੇ ਮਮੂਕਾਨ ਦੀ ਸਲਾਹ ਨੂੰ ਹੋਰ ਸਲਾਹ ਦੇ ਰੂਪ ਵਿਚ ਵਿਖਾਇਆ: ''ਟੀਕਾਕਾਰਾਂ ਵੱਲੋਂ ਭਾਵੇਂ ਆਮ ਤੌਰ ਤੇ ਅਲੋਚਨਾ ਕੀਤੀ ਜਾਂਦੀ ਹੈ, ਪਰ ਫਿਰ ਵੀ ਬਾਦਸ਼ਾਹ ਦੀ ਸਲਾਹਕਾਰਾਂ ਦੀ ਗਿਣਤੀ ਵਿਚ ਕਾਫ਼ੀ ਸਿਆਣਪ ਵਾਲੀ ਗੱਲ ਹੈ ਕਿ ਇਖ਼ਤਿਆਰ ਅਤੇ ਲੀਡਰਸ਼ਿਪ ਵਾਲੇ ਅਹੁਦਿਆਂ ਤੇ ਬੈਠੇ ਲੋਕ ਆਪਣੀ ਮਿਸਾਲ ਨਾਲ ਜ਼ਬਰਦਸਤ ਪ੍ਰਭਾਵ ਵਿਖਾਉਂਦੇ ਸਨ'' (ਵਿੰਟਰਸ, 164)। [19]*ਅਸਤਰ ਰੱਬਾਹ* 4.12. [20]ਵੇਖੋ ਹੇਰੋਦੋਤਸ *ਹਿਸਟਰੀਜ਼* 5:52–53; 8.98.

[21]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 803 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' ਤੋਂ ਲਿਆ ਗਿਆ। [22]ਮੂਰੇ, 14. [23]ਸੀ. ਰੂਬੇਨ ਐਂਡਰਸਨ, *ਦ ਬੁਕਸ ਆਫ਼ ਰੂਥ ਐਂਡ ਅਸਤਰ*, ਸ਼ੀਲਡ ਬਾਈਬਲ ਸਟੱਡੀ ਸੀਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1970), 60. [24]ਉਦਾਹਰਣ ਲਈ, ਚਾਰਲਸ ਆਰ. ਸਵਿੰਡਲ ਨੇ ਲਿਖਿਆ, ''ਮਲਕਾ ਵਸ਼ਤੀ ਪਤਨੀ ਦੀ ਅਧੀਨਗੀ ਦੀਆਂ ਹੱਦਾਂ ਦੀ ਵਧੀਆ ਮਿਸਾਲ ਪੇਸ਼ ਕਰਦੀ ਹੈ। ਪਤਨੀ ਲਈ ਆਪਣੇ ਪਤੀ ਦੇ ਅਧੀਨ ਹੋਣ ਦਾ ਹੁਕਮ ਬਾਈਬਲ ਵਿਚ ਸਾਫ਼ ਹੈ (ਵੇਖੋ ਅਫ਼ਸੀਆਂ 5:22–24) ਪਰ ਇਹ ਆਪਣੇ ਆਪ ਵਿਚ ਨਿਸਫ਼ਲ ਅਤੇ ਬਿਨਾਂ ਹੱਦਾਂ ਦੇ ਨਹੀਂ ਹੈ। ਪਤਨੀ ਬਣ ਜਾਣ ਤੇ ਔਰਤ ਇਨਸਾਨੀ ਤੌਰ ਤੇ ਆਪਣੀ ਮਰਿਆਦਾ ਨੂੰ ਨਹੀਂ ਛੱਡਣਾ ਚਾਹੀਦਾ। ਨਾ ਹੀ ਉਸ ਨੂੰ ਕਿਸੇ ਬੇਕਾਹਿਦਾ ਪਤੀ ਵੱਲੋਂ ਆਪਣੇ ਸਿਧਾਂਤਾਂ ਨੂੰ ਪੈਰਾਂ ਹੇਠ ਲਤਾੜਨ ਦੇਣਾ ਚਾਹੀਦਾ ਹੈ'' (ਚਾਰਲਸ ਆਰ. ਸਵਿੰਡਲ ਐਂਡ ਕੇਨ ਗਾਇਰ, *ਅਸਤਰ–ਏ ਵੂਮੈਨ ਫ਼ਾਰ ਸੱਚ ਏ ਟਾਈਮ ਐਜ਼ ਦਿਸ*, ਬਾਈਬਲ ਸਟੱਡੀ ਗਾਈਡ [ਫੁੱਲਰਟਨ, ਕੈਲਿਫੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1990], 14)। [25]ਐਂਡਰਸਨ, 58–59.